ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

www.awazeqaumtv.com

# ਆਵਾਜ਼ਿ ਕੌਮ

Also On
Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸੋਮਵਾਰ, 23 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੮ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਇੰਗਲੈਂਡ 'ਚ 500 ਕਿ. ਮੀ. ਦੀ ਰਫਤਾਰ ਨਾਲ ਆਵੇਗਾ ਤੂਫਾਨ, ਲੋਕਾਂ ਨੂੰ ਘਰਾਂ ਵਿਚ ਹੀ ਰਹਿਣ ਦੀ ਸਲਾਹ

**ਲੰਦਨ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮੌਸਮ ਵਿਭਾਗ ਨੇ ਬਰਤਾਨੀਆ ਵਿਚ ਤੂਫ਼ਾਨ ਅਤੇ ਗੜੇਮਾਰੀ ਕਾਰਨ 'ਜਾਨ ਖ਼ਤਰੇ ਵਿਚ ਪਾਉਣ' ਵਾਲੇ ਮੌਸਮ ਨੂੰ ਲੈ ਕੇ ਵੱਡਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਯੈਲੋ ਅਲਰਟ ਜਾਰੀ ਕੀਤਾ ਹੈ।ਇਸ ਅਲਰਟ 'ਚ ਕੁਝ ਘੰਟਿਆਂ 'ਚ 70 ਮਿਲੀਮੀਟਰ ਤੱਕ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਪੂਰੇ ਵੇਲਜ਼ ਅਤੇ ਦੱਖਣ-ਪੱਛਮੀ ਇੰਗਲੈਂਡ ਦੇ ਕੁਝ ਹਿੱਸਿਆਂ, ਮਿਡਲੈਂਡਜ਼ ਅਤੇ ਦੱਖਣ-ਪੂਰਬੀ ਇੰਗਲੈਂਡ ਲਈ ਚਿਤਾਵਨੀ ਜਾਰੀ ਕੀਤੀ ਗਈ ਹੈ। ਸ਼ੁੱਕਰਵਾਰ ਦੀ ਚਿਤਾਵਨੀ ਜ਼ਿਆਦਾਤਰ ਦੱਖਣ-ਪੱਛਮੀ ਇੰਗਲੈਂਡ, ਵੇਲਜ਼ ਦੇ ਕੁਝ ਹਿੱਸਿਆਂ, ਮਿਡਲੈਂਡਜ਼ ਅਤੇ ਪੱਛਮੀ ਲੰਡਨ ਲਈ ਜਾਰੀ ਕੀਤੀ ਗਈ ਸੀ। ਮੌਸਮ ਵਿਭਾਗ ਦੇ ਅਨੁਮਾਨ ਅਨੁਸਾਰ 500 ਕਿਲੋਮੀਟਰ ਤੋਂ ਵੱਧ ਦੀ ਰਫ਼ਤਾਰ ਨਾਲ ਚੱਲਣ ਵਾਲੀਆਂ ਤੂਫ਼ਾਨੀ ਹਵਾਵਾਂ ਕਾਰਨ ਇਮਾਰਤਾਂ ਨੂੰ ਨੁਕਸਾਨ, ਜਨਤਕ ਆਵਾਜਾਈ ਵਿੱਚ ਵਿਘਨ ਅਤੇ ਤੂਫ਼ਾਨ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਬਿਜਲੀ ਡਿੱਗਣ ਅਤੇ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਸਮੇਂ ਦੌਰਾਨ ਵੇਲਜ਼, ਦੱਖਣ-ਪੱਛਮੀ ਇੰਗਲੈਂਡ, ਮਿਡਲੈਂਡਜ਼ ਅਤੇ ਦੱਖਣ-ਪੂਰਬੀ ਇੰਗਲੈਂਡ ਦੇ ਕੁਝ ਹਿੱਸਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਚੌਕਸ ਰਹਿਣਾ ਹੋਵੇਗਾ, ਕਿਉਂਕਿ ਇੱਥੇ ਤੂਫ਼ਾਨੀ ਹਵਾਵਾਂ ਅਤੇ ਭਾਰੀ ਮੀਂਹ ਦੇ ਨਾਲ-ਨਾਲ ਗੜੇਮਾਰੀ ਅਤੇ ਲਗਾਤਾਰ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਮੌਸਮ ਦਫਤਰ ਦੇ ਮੁੱਖ ਮੌਸਮ ਵਿਗਿਆਨੀ ਜੇਸਨ ਕੈਲੀ ਨੇ ਕਿਹਾ ਕਿ ਇਹ ਚਿਤਾਵਨੀਆਂ ਦੇਸ਼ ਦੇ ਉਨ੍ਹਾਂ ਖੇਤਰਾਂ ਨੂੰ ਕਵਰ ਕਰਦੀਆਂ ਹਨ ਜਿੱਥੇ ਸਭ ਤੋਂ ਵੱਧ ਜੋਖਮ ਹੁੰਦਾ ਹੈ।"

# ਹਾਈਕੋਰਟ ਨੇ ਮੰਗਿਆ ਸਾਰਾ ਰਿਕਾਰਡ

# ਆਖਰ ਕਿਉਂ ਮੁੜ ਲਾਉਣਾ ਪਿਆ ਭਾਈ ਅੰਮ੍ਰਿਤਪਾਲ ਸਿੰਘ 'ਤੇ ਐਨ. ਐਸ. ਏ.

**ਚੰਡੀਗੜ੍ਹ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਮੁੜ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਲਗਾਉਣ ਬਾਰੇ ਹਾਈਕੋਰਟ ਵਿੱਚ ਦਿੱਤੇ ਤਰਕ ਨੂੰ ਲੈ ਕੇ ਨਵੀਂ ਚਰਚਾ ਛਿੜ ਗਈ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਨ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੇ ਉਨ੍ਹਾਂ ਦੇ ਸਾਥੀਆਂ ਤੋਂ ਖਤਰਾ ਹੈ। ਇਸ ਦੇ ਨਾਲ ਹੀ ਜੇਕਰ ਇਹ ਮੁਲਜ਼ਮ ਬਾਹਰ ਰਹਿੰਦੇ ਹਨ ਤਾਂ ਸੂਬੇ ਅੰਦਰ ਅਮਨ-ਕਾਨੂੰਨ ਦੀ ਹਾਲਤ ਵਿਗੜ ਸਕਦੀ ਹੈ। ਦਰਅਸਲ ਕਰੀਬ ਡੇਢ ਸਾਲ ਤੋਂ ਡਿਬਰੂਗੜ੍ਹ ਜੇਲ੍ਹ 'ਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ 'ਤੇ ਮੁੜ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਲਗਾਉਣ ਸਬੰਧੀ ਪੰਜਾਬ ਸਰਕਾਰ ਨੇ ਅਦਾਲਤ 'ਚ ਜਵਾਬ ਦਾਇਰ ਕੀਤਾ ਹੈ। ਇਸ ਵਿੱਚ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਮੁਲਜ਼ਮ ਸੂਬੇ ਦੀ ਕਾਨੂੰਨ ਵਿਵਸਥਾ ਲਈ ਗੰਭੀਰ ਖਤਰਾ ਹਨ। ਇਸ ਦੇ ਨਾਲ ਹੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਨ ਨੂੰ ਵੀ ਖਤਰਾ ਹੈ। ਹਾਈਕੋਰਟ ਵਿੱਚ ਇਸ ਗੱਲ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰਨ ਲਈ ਪੁਲਿਸ ਵੱਲੋਂ ਕੁਝ ਵੀਡੀਓ ਕਲਿੱਪਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਇਸ ਵਿੱਚ ਮੁਲਜ਼ਮ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਵੀ ਉਹੀ ਹਾਲ ਹੋਵੇਗਾ ਜੋ ਸਾਬਕਾ ਸੀਐਮ ਬੇਅੰਤ ਸਿੰਘ ਹੋਇਆ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 3 ਅਕਤੂਬਰ ਨੂੰ ਹੋਵੇਗੀ। ਇਸ ਦੌਰਾਨ ਕੇਂਦਰ ਤੇ ਪੰਜਾਬ ਸਰਕਾਰਾਂ ਭਾਈ ਅੰਮ੍ਰਿਤਪਾਲ ਸਿੰਘ 'ਤੇ ਐਨਐਸਏ ਲਗਾਉਣ ਸਬੰਧੀ ਸਾਰਾ ਰਿਕਾਰਡ ਅਦਾਲਤ ਵਿੱਚ ਪੇਸ਼ ਕਰਨਗੀਆਂ।



ਦੱਸ ਦਈਏ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਮੁੜ ਤੋਂ ਲਗਾਏ ਗਏ ਐਨਐਸਏ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਵਿੱਚੋਂ ਅਦਾਕਾਰ ਦਲਜੀਤ ਸਿੰਘ ਕਲਸੀ ਤੇ ਗੁਰਮੀਤ ਸਿੰਘ ਭੁੱਕਣਵਾਲਾ ਬਾਰੇ ਜਵਾਬ ਦਾਖ਼ਲ ਕੀਤੇ ਗਏ ਹਨ। ਇਹ ਹਲ਼ਫਨਾਮਾ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਦਾਇਰ ਕੀਤਾ ਗਿਆ ਹੈ।

ਹਲ਼ਫਨਾਮੇ ਅਨੁਸਾਰ ਇਹ ਵੀਡੀਓ ਫਰਵਰੀ 2023 ਵਿੱਚ ਅਜਨਾਲਾ ਸਟੇਸ਼ਨ ਦੀ ਘਟਨਾ ਤੋਂ ਬਾਅਦ ਟੇਪ ਕੀਤੀ ਗਈ ਸੀ। ਇਸ ਵਿੱਚ ਅੰਮ੍ਰਿਤਪਾਲ ਸਿੰਘ ਕਹਿ ਰਹੇ ਹਨ ਕਿ ਅਸੀਂ ਸੀਐਮ ਮਾਨ ਨੂੰ ਸੀਐਮ ਬੇਅੰਤ ਸਿੰਘ ਦੇ ਰਾਹ 'ਤੇ ਨਾ ਚੱਲਣ ਦੀ ਸਲਾਹ ਦਿੱਤੀ ਹੈ। ਉਹ ਅੱਜ ਵੀ ਬੇਅੰਤ ਸਿੰਘ ਦੇ ਮਾਰਗ 'ਤੇ ਚੱਲ ਰਹੇ ਹਨ। ਭਾਈ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਉਡਾ ਦਿੱਤਾ ਸੀ। ਸੀਐਮ ਮਾਨ ਨੇ ਯਕੀਨ ਬਣਾਇਆ ਹੈ ਕਿ ਅੱਜ ਇਸ ਭੀੜ ਵਿੱਚ ਕਈ ਦਿਲਾਵਰ ਪੈਦਾ ਹੋਣਗੇ।

ਸਰਕਾਰ ਦਾ ਕਹਿਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਕਿਸੇ ਵੀ ਸਮੇਂ ਕਾਨੂੰਨ ਵਿਵਸਥਾ ਨੂੰ ਆਪਣੇ ਹੱਥਾਂ ਵਿੱਚ ਲੈ ਸਕਦੇ ਹਨ। ਉਹ ਉਨ੍ਹਾਂ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਜੋ ਉਨ੍ਹਾਂ ਦੀ ਕੱਟੜਪੰਥੀ ਵਿਚਾਰਧਾਰਾ ਦੇ ਉਲਟ ਬੋਲਣਗੇ। ਇਸ ਕਾਰਨ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਇਸ ਦੇ ਨਾਲ ਹੀ ਉਹ ਜਿਸ ਤਰ੍ਹਾਂ ਨਾਲ ਭੜਕਾਊ ਗੱਲ ਕਰਦੇ ਹਨ, ਉਸ ਨਾਲ ਨੌਜਵਾਨ ਗੁੰਮਰਾਹ ਹੇ ਸਕਦੇ ਹਨ। ਅਜਿਹੇ 'ਚ ਉਨ੍ਹਾਂ ਲਗਾਇਆ ਗਿਆ ਐਨ. ਐਸ. ਏ. ਜਾਇਜ਼ ਹੈ। ਦੱਸ ਦਈਏ ਕਿ ਅੰਮ੍ਰਿਤਪਾਲ ਸਿੰਘ ਜੇਲ੍ਹ ਤੋਂ ਹੀ ਚੋਣ ਲੜ ਕੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਬਣ ਗਏ ਸੀ। ਇਸ ਤੋਂ ਬਾਅਦ ਹੁਣ ਉਨ੍ਹਾਂ ਦੇ ਸਾਥੀ ਵੀ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਸੀਟ ਤੋਂ ਚੋਣ ਲੜਨਾ ਚਾਹੁੰਦੇ ਹਨ। ਇਹ ਸੀਟ ਵਿਧਾਇਕ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋਈ ਹੈ। ਇਸੇ ਤਰ੍ਹਾਂ ਕੁਲਵੰਤ ਸਿੰਘ ਰਾਊਕੇ ਬਰਨਾਲਾ ਸੀਟ ਤੋਂ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ ਕਿਉਂਕਿ ਇਹ ਸੀਟ ਵੀ ਗੁਰਮੀਤ ਸਿੰਘ ਮੀਤ ਹੇਅਰ ਦੇ ਸੰਗਰੂਰ ਤੋਂ ਸੰਸਦ ਮੈਂਬਰ ਚੁਣੇ ਜਾਣ ਤੋਂ ਬਾਅਦ ਖਾਲੀ ਹੋਈ ਹੈ। ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਗਿੱਦੜਬਾਹਾ ਤੋਂ ਸਿਆਸਤ ਵਿੱਚ ਆਉਣਾ ਚਾਹੁੰਦੇ ਹਨ। ਉਹ ਗਿੱਦੜਬਾਹਾ ਤੋਂ ਵਿਧਾਇਕ ਬਣਨਾ ਚਾਹੁੰਦੇ ਹਨ। ਇਹ ਐਲਾਨ ਉਨ੍ਹਾਂ ਦੇ ਪੁੱਤਰ ਅਕਾਸ਼ਦੀਪ ਸਿੰਘ ਨੇ ਕੀਤਾ ਸੀ।

## 5 ਕਰੋੜ ਦੇ ਦਿਓ ਨਹੀਂ ਤਾਂ...., ਲਾਰੈਂਸ-ਗੋਲਡੀ ਗੈਂਗ ਦੀਆਂ ਧਮਕੀਆਂ ਤੋਂ ਬਾਅਦ ਡਰੇ ਵੱਡੇ ਕਾਰੋਬਾਰੀ

### ਪੁਲਿਸ ਦੇ ਹੱਥ ਖਾਲੀ !

**ਨਵੀਂ ਦਿੱਲੀ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਇਨ੍ਹੀਂ ਦਿਨੀਂ ਰਾਜਧਾਨੀ ਦਿੱਲੀ 'ਚ ਗੈਂਗਸਟਰਾਂ ਤੇ ਅੰਡਰਵਰਲਡ ਦਾ ਡਰ ਬਣਿਆ ਹੋਇਆ ਹੈ। ਰਾਜਧਾਨੀ ਦੇ ਕਈ ਵੱਡੇ ਉਦਯੋਗਪਤੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ। ਇਹ ਧਮਕੀਆਂ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਦਿੱਤੀਆਂ ਹਨ। ਸਨਅਤਕਾਰਾਂ ਤੋਂ 5 ਕਰੋੜ ਰੁਪਏ ਤੱਕ ਦੀ ਫਿਰੌਤੀ ਮੰਗੀ ਗਈ ਹੈ।





ਦੱਸਿਆ ਜਾ ਰਿਹਾ ਹੈ ਕਿ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਰਾਜਧਾਨੀ ਦੇ ਕਈ ਵੱਡੇ ਕਾਰੋਬਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਗ੍ਰੇਟਰ ਕੈਲਾਸ਼ ਦੇ ਰਹਿਣ ਵਾਲੇ ਗੀਤ ਨਿਰਮਾਤਾ ਅਮਨ ਬੱਤਰਾ ਨੂੰ ਵੀ ਅਜਿਹਾ ਹੀ ਧਮਕੀ ਭਰਿਆ ਕਾਲ ਆਇਆ ਹੈ। ਉਨ੍ਹਾਂ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਹੈ। ਕਾਲ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਸਰਗਨਾ ਦੱਸਿਆ। ਉਸ ਨੇ ਅਮਨ ਬੱਤਰਾ ਤੋਂ 5 ਕਰੋੜ ਰੁਪਏ ਦੀ ਮੰਗ ਕੀਤੀ ਹੈ। ਧਮਕੀ ਮਿਲਣ ਤੋਂ ਬਾਅਦ ਅਮਨ ਨੇ ਦਿੱਲੀ ਪੁਲਿਸ ਨੂੰ ਮਾਮਲੇ ਦੀ ਸ਼ਿਕਾਇਤ ਕੀਤੀ ਹੈ। ਦਿੱਲੀ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੇ ਨਾਂਅ ਅਪਰਾਧ ਦੀ ਦੁਨੀਆ ਵਿੱਚ ਬਹੁਤ ਵਰਤੇ ਜਾਂਦੇ ਹਨ। ਫ਼ਿਰੋਜ਼ਪੁਰ 'ਚ ਪੈਦਾ ਹੋਏ ਲਾਰੈਂਸ ਬਿਸ਼ਨੋਈ 'ਤੇ ਦੋ ਦਰਜਨ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ ਵਸੂਲੀ ਤੇ ਕਤਲ ਸਭ ਤੋਂ ਵੱਧ ਹਨ। ਉਸ ਦੇ ਗਰੋਹ ਵਿੱਚ ਸੈਂਕੜੇ ਲੋਕ ਸ਼ਾਮਲ ਹਨ। ਹਾਲਾਂਕਿ ਲਾਰੈਂਸ ਬਿਸ਼ਨੋਈ ਇਨ੍ਹੀਂ ਦਿਨੀਂ ਤਿਹਾੜ ਜੇਲ 'ਚ ਬੰਦ ਹੈ ਪਰ ਜੇਲ 'ਚ ਬੈਠ ਕੇ ਵੀ ਉਸ ਦਾ ਆਪਣੇ ਗੈਂਗ 'ਤੇ ਪੂਰਾ ਕੰਟਰੋਲ ਹੈ ਤੇ ਅਪਰਾਧਾਂ ਨੂੰ ਅੰਜਾਮ ਦੇਣਾ ਜਾਰੀ ਹੈ। ਹੁਣ ਗੱਲ ਕਰੀਏ ਗੋਲਡੀ ਬਰਾੜ ਦੀ, ਜੋ ਕਿ ਲਾਰੈਂਸ ਬਿਸ਼ਨੋਈ ਦਾ ਹੈ ਤੇ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹੈ। ਉਸ ਨੇ ਆਪਣੇ ਚਾਚੇ ਦੇ ਭਰਾ ਗੁਰਲਾਲ ਬਰਾੜ ਦੇ ਕਤਲ ਤੋਂ ਬਾਅਦ ਅਪਰਾਧ ਦੀ ਦੁਨੀਆ ਵਿੱਚ ਪ੍ਰਵੇਸ਼ ਕੀਤਾ ਸੀ। ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਸਟਰਮਾਈਂਡ ਵੀ ਸਨ। ਬਰਾੜ ਭਾਵੇਂ ਪੰਜਾਬ ਦੇ ਫਰੀਦਕੋਟ ਦਾ ਵਸਨੀਕ ਹੈ ਪਰ 2021 ਤੋਂ ਕੈਨੇਡਾ ਵਿੱਚ ਰਹਿ ਕੇ ਉਥੋਂ ਪੰਜਾਬ ਵਿੱਚ ਇੱਕ ਮਾਡਿਊਲ ਤਹਿਤ ਕੰਮ ਕਰਦਾ ਹੈ।

## 'ਸਿੱਖ ਭਰਾਵੋ ਦੱਸੋ ਮੈਂ ਕੁਝ ਗਲਤ ਕਿਹਾ' : ਰਾਹੁਲ ਗਾਂਧੀ ਨੇ ਤੋੜੀ ਚੁੱਪੀ

**ਨਵੀਂ ਦਿੱਲੀ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਾਂਗਰਸ ਦੇ ਸੰਸਦ ਮੈਂਬਰ ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਰਾਹੁਲ ਗਾਂਧੀ ਨੇ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੀ ਜਾ ਰਹੀ ਸਖ਼ਤ ਆਲੋਚਨਾ 'ਤੇ ਆਪਣੀ ਚੁੱਪ ਤੋੜੀ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ 'ਚ ਕਿਹਾ ਕਿ ਭਾਜਪਾ ਝੂਠ ਦਾ ਸਹਾਰਾ ਲੈ ਰਹੀ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਅਮਰੀਕਾ ਵਿੱਚ ਮੇਰੀ ਟਿੱਪਣੀ ਨੂੰ ਲੈ ਕੇ ਭਾਜਪਾ ਝੂਠ ਫੈਲਾਅ ਰਹੀ ਹੈ। ਮੈਂ ਭਾਰਤ ਅਤੇ ਵਿਦੇਸ਼ ਵਿਚ ਵਸਦੇ ਹਰ ਸਿੱਖ ਵੀਰ-ਭੈਣ ਨੂੰ ਪੁੱਛਣਾ ਚਾਹੁੰਦਾ ਹਾਂ - ਕਿ ਮੈਂ ਜੋ ਕਿਹਾ ਹੈ, ਕੀ ਉਸ ਵਿੱਚ ਕੁਛ ਗ.ਲਤ ਹੈ ? ਕੀ ਭਾਰਤ ਇੱਕ ਅਜਿਹਾ ਦੇਸ਼ ਨਹੀਂ ਹੋਣਾ ਚਾਹੀਦਾ, ਜਿੱਥੇ ਹਰ ਸਿੱਖ - ਅਤੇ ਹਰ ਭਾਰਤੀ - ਬਿਨਾਂ ਕਿਸੇ ਡਰ ਤੋਂ ਆਪਣੇ ਧਰਮ ਦੀ ਪਾਲਣਾ ਕਰ ਸਕੇ ? ਹਮੇਸ਼ਾਂ ਦੀ ਤਰ੍ਹਾਂ ਭਾਜਪਾ ਝੂਠ ਦਾ ਸਹਾਰਾ ਲੈ ਰਹੀ ਹੈ। ਉਹ ਮੈਨੂੰ ਚੁੱਪ ਕਰਾਉਣ ਲਈ ਬੌਖਲਾਏ ਹੋਏ ਹਨ ਕਿਉਂਕਿ ਉਹ ਸੱਚਾਈ ਦਾ ਸਾਹਮਣਾ ਨਹੀਂ ਕਰ ਸਕਦੇ। ਪਰ ਮੈਂ ਅਨੇਕਤਾ ਵਿਚ ਏਕਤਾ, ਸਮਾਨਤਾ ਅਤੇ ਪਿਆਰ ਵਰਗੀਆਂ, ਭਾਰਤ ਨੂੰ ਪਰਿਭਾਸ਼ਿਤ ਕਰਦੀਆਂ ਕਦਰਾਂ-ਕੀਮਤਾਂ ਲਈ ਹਮੇਸ਼ਾਂ ਆਵਾਜ਼ ਬੁਲੰਦ ਕਰਦਾ ਰਹਾਂਗਾ। ਤੁਹਾਨੂੰ ਦੱਸ ਦੇਈਏ ਕਿ ਉਨ੍ਹਾਂ ਨੇ 10 ਸਤੰਬਰ ਨੂੰ ਆਪਣੇ ਅਮਰੀਕਾ ਦੌਰੇ ਦੌਰਾਨ ਵਾਸ਼ਿੰਗਟਨ ਡੀਸੀ ਵਿੱਚ ਭਾਸ਼ਣ ਦਿੱਤਾ ਸੀ। ਧਾਰਮਿਕ ਅਜ਼ਾਦੀ ਦੀ ਮਹੱਤਤਾ ਬਾਰੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਲੜਾਈ ਇਸ ਗੱਲ ਦੀ ਹੈ ਕਿ, ਕੀ ਭਾਰਤ ਵਿੱਚ ਸਿੱਖਾਂ ਨੂੰ ਪੱਗ ਬੰਨ੍ਹਣ ਦੀ ਇਜਾਜ਼ਤ ਹੈ, ਜਾਂ ਕੀ ਸਿੱਖਾਂ ਨੂੰ ਭਾਰਤ ਵਿੱਚ ਕੜਾ ਪਾਉਣ ਦੀ ਇਜਾਜ਼ਤ ਹੈ, ਕੀ ਸਿੱਖ ਗੁਰਦੁਆਰਾ ਸਾਹਿਬ ਜਾ ਸਕਣਗੇ। ਲੜਾਈ ਇਸ ਗੱਲ ਦੀ ਹੈ ਅਤੇ ਇਹ ਸਾਰੇ ਧਰਮਾਂ ਲਈ ਹੈ।



## ਸੜਕ ਹਾਦਸੇ 'ਚ 2 ਬੱਚਿਆਂ ਦੀ ਮੌਤ, 2 ਜ਼ਖ਼ਮੀ, 3 ਘੰਟਿਆਂ ਤੱਕ ਨਹੀਂ ਅੱਪੜੀ ਐਂਬੂਲੈਂਸ

**ਰਾਜਪੁਰਾ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਅੰਮ੍ਰਿਤਸਰ ਨੈਸ਼ਨਲ ਹਾਈਵੇ 44 'ਤੇ ਇੱਕ ਭਿਆਨਕ ਸੜਕ ਹਾਦਸਾ ਹੋਇਆ ਜਿਸ ਵਿੱਚ ਇੱਕ ਟਰੈਕਟਰ ਟਰਾਲੀ ਵੱਲੋਂ ਇੱਕ ਐਕਟਿਵਾ ਸਵਾਰਾਂ ਨੂੰ ਟੱਕਰ ਮਾਰ ਦਿੱਤੀ ਗਈ ਜਿਸ ਵਿੱਚ ਦੋ ਬੱਚਿਆਂ ਦੀ ਮੌਤ ਹੋ ਗਈ ਤੇ ਦੋ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਜਿੰਨ੍ਹਾਂ ਨੂੰ ਇਲਾਜ ਦੇ ਲਈ ਰਾਜਪੁਰਾ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਵੱਲੋਂ ਦੋ ਬੱਚਿਆਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਦਰਅਸਲ, ਪਿੰਡ ਨਸ਼ਹਿਰਾ ਦੀ ਕਮਲਜੀਤ ਕੌਰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਸਕੂਟਰੀ 'ਤੇ ਆ ਰਹੀ ਸੀ ਤਾਂ ਪਿੰਡ ਚਮਾਰੂ ਵਿਖੇ ਅਚਾਨਕ ਟਰੈਕਟਰ ਟਰਾਲੀ ਨਾਲ ਐਕਸੀਡੈਂਟ ਹੋ ਗਿਆ ਜਿਸ ਕਾਰਨ ਕਮਲਜੀਤ ਕੌਰ, ਜਸਪ੍ਰੀਤ ਸਿੰਘ, ਰਵਨੀਤ ਸਿੰਘ ਅਤੇ ਅਮਰਜੀਤ ਸਿੰਘ ਜ਼ਖ਼ਮੀ ਹੋ ਗਏ। ਜਿਨਾਂ ਨੂੰ ਰਾਹਗੀਰਾਂ ਵੱਲੋਂ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਰਵਨੀਤ ਸਿੰਘ ਅਤੇ ਅਮਰਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਯੂਐਸ ਨੈਸ਼ਨਲ ਸਕਿਉਰਿਟੀ ਕੌਂਸਲ ਅਧਿਕਾਰੀਆਂ ਵੱਲੋਂ ਖਾਲਿਸਤਾਨੀ ਅਮਰੀਕੀ ਸਿੱਖਾਂ ਨਾਲ ਵ੍ਹਾਈਟ ਹਾਊਸ ਵਿੱਚ ਗੱਲਬਾਤ




**ਵਸਿੰਗਟਨ, 22 ਸਤੰਬਰ (ਸਰਬਜੀਤ ਸਿੰਘ ਬਨੂੜ)**-ਅਮਰੀਕਾ ਦੇ ਤਿੰਨ ਦਿਨਾ ਦੌਰੇ ਤੇ ਗਏ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ- ਬਿਡੇਨ ਗੱਲਬਾਤ ਤੋਂ ਪਹਿਲਾਂ, ਅਮਰੀਕੀ ਅਧਿਕਾਰੀਆਂ ਨੇ ਭਾਰਤ-ਵਿਰੋਧੀ ਖਾਲਿਸਤਾਨੀ ਅਮਰੀਕੀ ਸਿੱਖਾਂ ਨਾਲ ਵ੍ਹਾਈਟ ਹਾਊਸ ਵਿੱਚ ਗੱਲਬਾਤ ਕੀਤੀ ਗਈ। ਸਮੂਹ ਸੰਗਠਨਾਂ ਨੂੰ ਸਾਰੇ ਅਮਰੀਕਾ ਵਿੱਚ ਖਾਲਿਸਤਾਨ ਦੇ ਉਦੇਸ਼ ਦੇ ਨਾਲ-ਨਾਲ ਭਾਰਤ ਦੇ ਵਿਰੁੱਧ ਮੁਹਿੰਮ ਚਲਾਉਣ ਲਈ ਜਾਣਿਆ ਜਾਂਦਾ ਹੈ। ਇਨ੍ਹਾਂ ਵਿੱਚ ਅਮਰੀਕਨ ਸਿੱਖ ਕਾਕਸ ਦੇ ਪ੍ਰਿਤਪਾਲ ਸਿੰਘ ਯੂਐਸ ਨੈਸ਼ਨਲ ਸਕਿਉਰਿਟੀ ਕੌਂਸਲ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਅਤੇ ਸਿੱਖ ਕੋਲੀਸ਼ਨ ਅਤੇ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸੈਲਡੇਫ) ਸਮੇਤ ਹੋਰ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਸਨ। ਰਾਸ਼ਟਰੀ ਸੁਰੱਖਿਆ ਪਰਿਸ਼ਦ ਦੇ ਅਧਿਕਾਰੀਆਂ ਨੇ ਅਮਰੀਕੀ ਸਿੱਖਾਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਵਿੱਚ ਉਨ੍ਹਾਂ ਨੂੰ ਕਿਸੇ ਵੀ ਹਮਲੇ ਤੋਂ ਬਚਾਉਣ ਲਈ ਸੰਯੁਕਤ ਰਾਜ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਰਾਸ਼ਟਰਪਤੀ ਜੋਅ ਬਿਡੇਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਨ੍ਹਾਂ ਦੇ ਗ੍ਰਹਿ ਸ਼ਹਿਰ ਡੇਲਾਵੇਅਰ ਵਿੱਚ ਮੇਜ਼ਬਾਨੀ ਕੀਤੀ ਗਈ, ਜਿੱਥੇ ਖਾਲਿਸਤਾਨ ਬਾਰੇ ਗੱਲਬਾਤ ਹੋਣ ਦੀ ਚਰਚਾ ਗਰਮ ਰਹੀ ਦੱਸੀ ਜਾਂਦੀ ਹੈ। ਵਿਲਮਿੰਗਟਨ, ਡੇਲਾਵੇਅਰ ਵਿਖੇ ਮੋਦੀ-ਬਿਡੇਨ ਦੀ ਮੀਟਿੰਗ ਤੋਂ ਠੀਕ ਪਹਿਲਾਂ ਦੋ ਘਟਨਾਵਾਂ ਨੇ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਅਮਰੀਕਾ ਵਿਚ ਖਾਲਿਸਤਾਨੀ ਸਿੱਖ ਕਾਰਕੁਨਾਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਇੱਕ ਅਦਾਲਤ ਨੇ ਗੁਰਪਤਵੰਤ ਸਿੰਘ ਪੰਨੂ 'ਤੇ ਜਾਨੋਂ ਮਾਰਨ ਦੀ ਕੋਸ਼ਿਸ਼ ਦੇ ਇਲਜ਼ਾਮ ਦੇ ਸਬੰਧ 'ਚ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਆਗੂ ਦੁਆਰਾ ਦਾਇਰ ਮੁਕੱਦਮੇ ਤੋਂ ਬਾਅਦ ਭਾਰਤ ਸਰਕਾਰ ਅਤੇ ਇਸਦੇ ਕੁਝ ਉੱਚ ਸੁਰੱਖਿਆ ਅਧਿਕਾਰੀਆਂ ਨੂੰ ਸੰਮਨ ਕੀਤਾ ਹੈ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ
20 ਫਰਵਰੀ ਤੋਂ
12 ਮਾਰਚ 2025
ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਣ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ਪੰਜਾਬੀ ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI




*ਸਾਬਤ ਸੂਰਤਿ ਦਸਤਾਰ ਸਿਰਾ*

**ਦਸਤਾਰਾਂ ਹੀ ਦਸਤਾਰਾਂ**



**ਰੰਧਾਵਾ ਪਗੜੀ ਸੈਂਟਰ**

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।



✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
**+91 98882-22446**

**ASA Gas Heating Solution Ltd.**

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।


ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)


ਧੰਨ-ਧੰਨ ਬਾਬਾ ਜਵਾਹਰਦਾਸ ਜੀ ਦੀ 105ਵੀਂ ਬਰਸੀ ਦੇ ਸੰਬੰਧ ਵਿੱਚ
ਡੇਰਾ ਬਾਬਾ ਜਵਾਹਰਦਾਸ ਜੀ ਚੈਰੀਟੇਬਲ ਟਰੱਸਟ (ਰਜਿ:)
(ਬ੍ਰਾਂਚ ਦਮਦਮੀ ਟਕਸਾਲ ਜਥਾ (ਭਿੰਡਰਾਂ) ਮਹਿਤਾ
ਪਿੰਡ ਸੂਸਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ
ਸਾਲਾਨਾ ਸਮਾਗਮ
27 ਸਤੰਬਰ 2024, ਸ਼ੁਕਰਵਾਰ ਸਵੇਰੇ 10.00 ਤੋਂ 4.00 ਵਜੇ ਤੱਕ ਹੋਵੇਗਾ।
ਸ. ਹਰਜਿੰਦਰ ਸਿੰਘ ਜੀ ਧਾਮੀ
ਬਾਬਾ ਬੇਤਾ ਸਿੰਘ ਜੀ
ਸਿੰਘ ਸਾਹਿਬ ਗਿਆਨੀ ਪਰਵਿੰਦਰ ਸਿੰਘ ਜੀ ਭੁੰਟਰ
ਭਾਈ ਸਤਨਾਮ ਸਿੰਘ ਜੀ ਝੰਡਾ
ਖੇਜਕੀਪੁਰ ਵਾਲਿਆਂ ਦਾ ਜਥਾ
ਭਾਈ ਰਣਜੋਧ ਸਿੰਘ ਜੀ ਪਾਲਾ
ਸ੍ਰੀ ਅਖੰਡ ਪਾਠ ਸਾਹਿਬ ਜੀ
ਮਿਤੀ 25 ਸਤੰਬਰ ਬੁੱਧਵਾਰ ਸਵੇਰੇ ਆਰੰਭ ਹੋਣਗੇ।
ਫੋਨ: 99158-00904,
99150-42113
live on
ਦਮਦਮੀ ਟਕਸਾਲ ਟੀਵੀ
TV
LIVE
'BABA JAWAHAR DASS JI'
Soosan wale
ਭਾਈ ਸੁਖਵਿੰਦਰ ਸਿੰਘ ਜੀ
ਭਾਈ ਸਰਬਜੀਤ ਸਿੰਘ ਜੀ
ਭਾਈ ਜਸਪ੍ਰੀਤ ਸਿੰਘ ਜੀ
ਸੋਨੂੰ ਸਿੰਘ ਜੀ
ਗੁਰੂ ਪੰਥ ਦੇ ਦਾਸ :-
ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ
ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ)
ਮੁੱਖ ਪ੍ਰਬੰਧਕ : ਡੇਰਾ ਬਾਬਾ ਜਵਾਹਰਦਾਸ ਜੀ (ਬ੍ਰਾਂਚ ਦਮਦਮੀ ਟਕਸਾਲ, ਜੱਥਾ ਭਿੰਡਰਾਂ ਮਹਿਤਾ) ਪਿੰਡ ਸੂਸਾਂ, ਜ਼ਿਲ੍ਹਾ ਹੁਸ਼ਿਆਰਪੁਰ।
Amrit 98722-39775


ਧੰਨ-ਧੰਨ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ-ਜੋਤਿ ਦਿਵਸ ਅਤੇ ਸਤਿਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ
ਗੁਰਮਤਿ ਕਥਾ ਸਮਾਗਮ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
ਸਾਊਥਹਾਲ, ਲੰਡਨ, ਯੂਕੇ ਵਿਖੇ
16 ਸਤੰਬਰ ਤੋਂ 22 ਸਤੰਬਰ 2024
ਸਮਾਂ 6.30 am ਅਤੇ 6.30 pm
ਗਿਆਨੀ ਰਾਜਪਾਲ ਸਿੰਘ ਬੋਪਾਰਾਏ
ਕਥਾਵਾਚਕ ਦਮਦਮੀ ਟਕਸਾਲ
ਸੰਪਰਕ: +91 9478897960
ਆਵਾਜ਼ਿ ਕੌਮ AWAZE QAUM
International Newspaper & WEB TV





# SUNDAY 3 NOV 2024

| | | | |
|---|---|---|---|
| **GURDWARA GURU HAR RAI SAHIB JI**<br>George Street, West Bromwich | START 9.00AM | **ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ**<br>ਜੋਰਜ ਸਟਰੀਟ ਵੈਸਟ ਬ੍ਰੁਮਵਿਚ | ਅਰੰਭਤਾ: ੯.੦੦ ਵਜੇ |
| **GURU NANAK GURDWARA**<br>Edward Street, West Bromwich | 11.00AM | **ਗੁਰੂ ਨਾਨਕ ਗੁਰਦੁਆਰਾ,**<br>ਏਡਵਰਡ ਸਟਰੀਟ ਵੈਸਟ ਬ੍ਰੁਮਵਿਚ | ੧੧.੦੦ ਵਜੇ |
| **GURDWARA AMRIT PARCHAR DHARMIK DIWAN**<br>Birmingham Road, Oldbury | 1.00PM | **ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ**<br>ਬ੍ਰਮਿੰਘਮ ਰੋਡ, ਓਲਡਬਰੀ | ੧.੦੦ ਵਜੇ |
| **GURDWARA GURU MANEYO GRANTH**<br>Popes Lane, Oldbury | 2.00PM | **ਗੁਰਦੁਆਰਾ ਗੁਰੂ ਮਾਨਯੋ ਗ੍ਰੰਥ**<br>ਪੋਪਸ ਲੇਨ, ਓਲਦਬਰੀ | ੨.੦੦ ਵਜੇ |
| **GURDWARA BABA SANG**<br>St Paul's Road, Smethwick | 3.15PM | **ਗੁਰਦੁਆਰਾ ਬਾਬਾ ਸੰਗ ਜੀ**<br>ਸਟ. ਪੌਲਜ਼ ਰੋਡ, ਸਮੈਦਿਕ | ੩.੧੫ ਵਜੇ |
| **GURU NANAK GURDWARA SMETHWICK**<br>High Street, Smethwick | 4.00pm FINISH | **ਗੁਰੂ ਨਾਨਕ ਗੁਰਦੁਆਰਾ**<br>ਸਮੈਦਿਕ | ਸਮਾਪਤੀ: ੪.੦੦ ਵਜੇ |

ਆਵਾਜ਼ਿ ਕੌਮ AWAZE QAUM International Newspaper & WEB TV

**GURU HAR RAI GURDWARA SAHIB - 0121 553 7219**
**GURU NANAK GURDWARA SMETHWICK - 0121 558 2527**

Gurdwara Amrit Parchar Dharmik Diwan Oldbury · Gurdwara Guru Maneyo Granth Oldbury · Guru Nanak Gurdwara Smethwick · The Council of Sikh Gurdwaras in Sandwell

ਖਾਲਸਾ ਸਕੂਲ ਵਿਖੇ

# ਇੱਕ ਰੋਜਾ ਐਨ.ਐੱਸ.ਐੱਸ. ਕੈਂਪ ਲਗਾਇਆ



**ਤਲਵੰਡੀ ਸਾਬੋ, 22 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾ ਅਤੇ ਪ੍ਰੋਗਰਾਮ ਅਫਸਰ ਗੁਰਸੰਦੀਪ ਸਿੰਘ ਦੀ ਅਗਵਾਈ ਵਿੱਚ ਕੌਮੀ ਸੇਵਾ ਯੋਜਨਾ ਯੂਨਿਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵੰਡੀ ਸਾਬੋ ਦੁਆਰਾ ਸਕੂਲ ਵਿੱਚ ਇੱਕ ਰੋਜਾ ਕੈਂਪ ਲਗਾਇਆ ਗਿਆ ਜਿਸ 50 ਵਲੰਟੀਅਰਾਂ ਨੇ ਭਾਗ ਲਿਆ ਇਸ ਦੌਰਾਨ ਸਕੂਲ ਵਿੱਚ ਸਫ਼ਾਈ ਮੁਹਿਮ ਚਲਾਈ ਗਈ ਵਲੰਟੀਅਰਾਂ ਨੇ ਸਕੂਲ਼ ਦੇ ਪਾਰਕ ਤੋਂ ਇਲਾਵਾ ਵੱਖ-ਵੱਖ ਥਾਵਾਂ ਨੂੰ ਸਾਫ ਕੀਤਾ ਅਤੇ ਪੌਦਿਆਂ ਅਤੇ ਦਰੱਖਤਾਂ ਦੀ ਕਾਂਟ-ਛਾਂਟ ਕੀਤੀ ਸੱਭਿਆਚਾਰ ਗਤੀਵਿਧੀਆਂ ਦੇ ਸ਼ੈਸਨ ਦੌਰਾਨ ਵਲੰਟੀਅਰਾਂ ਨੇ ਲੋਕ ਗੀਤ, ਕਵਿਤਾ ਉਚਾਰਣ ਅਤੇ ਭਾਸ਼ਣ ਉਚਾਰਣ ਗਤੀਵਿਧੀਆਂ ਵਿੱਚ ਭਾਗ ਲਿਆ, ਇਨ੍ਹਾਂ ਗਤੀਵਿਧੀਆਂ ਵਿੱਚ ਸਕੂਲ ਦੇ ਗਿਆਰਵੀਂ ਅਤੇ ਬਾਰਵੀ ਸ਼੍ਰੇਣੀ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਸਕੂਲ ਪ੍ਰਿੰਸੀਪਲ ਸ. ਬਿਕਰਮਜੀਤ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਵਲੰਟੀਅਰਾਂ ਦੁਆਰਾ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਵਲੰਟੀਅਰਾਂ ਨੂੰ ਸਮਾਜ ਸੇਵਾ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸਮਾਜਿਕ ਕੁਰੀਤੀਆ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਨਾਲ ਹੀ ਵਲੰਟੀਅਰਾਂ ਨੇ ਚੰਗੇ ਨਾਗਰਿਕ ਬਣਨ ਦਾ ਪ੍ਰਣ ਲਿਆ, ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਗਗਨਦੀਪ ਸਿੰਘ ਨੇ ਬਾਖੂਬੀ ਨਿਭਾਈ ਕੈਂਪ ਦੀ ਸਮਾਪਤੀ ਤੇ ਵਲੰਟੀਅਰਾਂ ਨੂੰ ਰਿਫਰੈਸ਼ਮੈਂਟ ਵੰਡੀ ਗਈ। ਇਸ ਦੌਰਾਨ ਅਧਿਆਪਕ ਕਰਮਜੀਤ ਸਿੰਘ, ਹਰਦੀਪ ਸਿੰਘ, ਸਤਨਾਮ ਸਿੰਘ ਅਤੇ ਹਰਪਾਲ ਸਿੰਘ ਦਾ ਪੂਰਨ ਸਹਿਯੋਗ ਦਿੱਤਾ।

ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਸ਼ਾਹਦੀਨ ਵਾਲਾ ਵਿਚ

# ਕਲਸਟਰ ਸਾਂਦੇ ਹਾਸ਼ਮ ਦੀਆਂ ਕਰਵਾਈਆਂ ਖੇਡਾਂ



**ਫ਼ਿਰੋਜ਼ਪੁਰ, 22 ਸਤੰਬਰ (ਮਨੋਹਰ ਲਾਲ)** :— ਖੇਡਾਂ ਮਨੁੱਖੀ ਸਰੀਰ ਦਾ ਜ਼ਰੂਰੀ ਅੰਗ ਹਨ ਅਤੇ ਖੇਡਾਂ ਮਨੁੱਖੀ ਸਰੀਰ ਦਾ ਸਰੀਰਕ ਤੇ ਮਾਨਸਿਕ ਵਿਕਾਸ ਵੀ ਕਰਦੀਆਂ ਹਨ। ਇਸੀ ਤਹਿਤ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਸ਼ਾਹਦੀਨ ਵਾਲਾ (ਅਰਮਾਨਪੁਰਾ) ਵਿਖੇ ਕਲਸਟਰ ਸਾਂਦੇ ਹਾਸ਼ਮ ਦੀਆਂ ਕਲਸਟਰ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ 2024 ਕਰਵਾਈਆਂ ਗਈਆਂ। ਇਸ ਮੌਕੇ ਗੁਰਦੁਆਰਾ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਦੇ ਮੁੱਖ ਸੇਵਾਦਾਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਗਤ ਬਾਬਾ ਮਿਲਖਾ ਸਿੰਘ ਨੇ ਕਿਹਾ ਕਿ ਖੇਡਾਂ ਮਨੁੱਖ ਦੀ ਸਹਿਜ ਸੁਭਾਵਿਕ ਪ੍ਰਵਿਰਤੀ ਹੈ, ਮਨੁੱਖ ਆਦਿ—ਕਾਲ ਤੋਂ ਹੀ ਖੇਡਾਂ ਖੇਡਦਾ ਆਇਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਬੱਚਿਆਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਖੇਡਾਂ ਬਹੁਤ ਜ਼ਰੂਰੀ ਹਨ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਖੇਡਾਂ ਵਿਚ ਸ਼ਿਰਕਤ ਕਰਨੀ ਚਾਹੀਦੀ ਹੈ ਤਾਂ ਜ਼ੋ ਮਾਨਸਿਕ ਸੰਤੁਲਨ ਬਣਿਆ ਰਹੇ ਤੇ ਸ਼ਡੋਲ ਸਰੀਰ ਦੀ ਪ੍ਰਾਪਤੀ ਹੋਸਕੇ। ਸਕੂਲ ਮੈਨੇਜਰ ਇੰਦਰਪਾਲ ਸਿੰਘ ਨੇ ਕਿਹਾ ਕਿ ਖੇਡਾਂ ਜੀਵਨ ਦਾ ਖੇੜਾ ਅਤੇ ਮਨੁੱਖ ਦੇ ਸਰਬ ਪੱਖੀ ਵਿਕਾਸ ਦਾ ਮਹੱਤਵਪੂਰਨ ਸਰੋਤ ਹਨ, ਖੇਡਾਂ ਕੇਵਲ ਮੰਨੋਰਜਨ ਦਾ ਸਾਧਨ ਹੀ ਨਹੀਂ, ਇਸ ਨਾਲ ਸਰੀਰਕ ਅਤੇ ਮਾਨਸਿਕ ਖੁਸ਼ੀ ਵੀ ਪ੍ਰਾਪਤ ਹੁੰਦੀ ਹੈ। ਇਸ ਮੌਕੇ ਕਲਸਟਰ ਦੇ ਇਨਚਾਰਜ ਤਲਵਿੰਦਰ ਸਿੰਘ ਨੇ ਦੱਸਿਆ ਕਿ ਲੜਕਿਆਂ ਦੀ 100 ਮੀਟਰ ਦੌੜ ਵਿਚ ਅਗਮਦੀਪ ਸਿੰਘ ਨੇ ਪਹਿਲਾ, ਅਰੁਣਦੀਪ ਸਿੰਘ ਨੇ ਦੂਜਾ, ਰਣਬੀਰ ਸਿੰਘ ਨੇ ਤੀਜਾ, ਲੜਕੀਆਂ ਦੀ 100 ਮੀਟਰ ਦੌੜ ਵਿਚ ਖੁਸ਼ੀ ਨੇ ਪਹਿਲਾ, ਪਰਨੀਤ ਕੌਰ ਨੇ ਦੂਜਾ, ਸੋਨਮਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ, ਜਦੋਂ ਕਿ ਲੜਕਿਆਂ ਦੀ 200 ਮੀਟਰ ਰੇਸ ਵਿਚੋਂ ਵਿਕਰਮਜੀਤ ਸਿੰਘ ਨੇ ਪਹਿਲਾ, ਮਨਜਿੰਦਰ ਸਿੰਘ ਨੇ ਦੂਜਾ, ਬਲਕੀਰਤ ਸਿੰਘ ਨੇ ਤੀਜਾ, ਲੜਕੀਆਂ ਦੀ 200 ਮੀਟਰ ਰੇਸ ਵਿਚ ਰਵਨੀਤ ਕੌਰ ਨੇ ਪਹਿਲਾ, ਖੁਸ਼ੀ ਨੇ ਦੂਜਾ, ਹੁਸਨਪ੍ਰੀਤ ਕੌਰ ਨੇ ਤੀਜਾ ਅਤੇ ਲੜਕਿਆਂ ਦੀ 400 ਮੀਟਰ ਦੌੜ ਵਿਚੋਂ ਪ੍ਰਵੇਜ਼ ਨੇ ਪਹਿਲਾ, ਗੁਰਸੇਵਕ ਸਿੰਘ ਨੇ ਦੂਜਾ, ਸਮਰ ਨੇ ਤੀਜਾ, ਲੜਕੀਆਂ ਦੀ 400 ਮੀਟਰ ਦੌੜ ਵਿਚ ਜੈਸਮੀਨ ਕੌਰ ਨੇ ਪਹਿਲਾ, ਹੁਸਨਪ੍ਰੀਤ ਕੌਰ ਨੇ ਦੂਜਾ, ਪਰੈਂਕਾ ਨੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਗੋਲਾ ਸੁੱਟਣ ਵਿਚ ਦਿਲਜਾਨ ਸਿੰਘ ਨੇ ਪਹਿਲਾ, ਹਰਮਨ ਸਿੰਘ ਨੇ ਦੂਜਾ, ਮਨਜਿੰਦਰ ਸਿੰਘ ਨੇ ਤੀਜਾ, ਕਾਲਜ ਨੇ ਪਹਿਲਾ, ਏਕਮਨੂਰ ਕੌਰ ਨੇ ਦੂਜਾ, ਪਲਕ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਲੰਬੀ ਛਾਲ ਵਿਚ ਰਣਬੀਰ ਸਿੰਘ ਨੇ ਪਹਿਲਾ, ਪ੍ਰਵੇਜ਼ ਨੇ ਦੂਜਾ, ਗੁਰਦਿੱਤ ਸਿੰਘ ਨੇ ਤੀਜਾ, ਲੜਕੀਆਂ ਵਿਚੋਂ ਰਵਨੀਤ ਕੌਰ ਨੇ ਪਹਿਲਾ, ਸੰਜਨਾ ਨੇ ਦੂਜਾ ਅਤੇ ਖੁਸ਼ੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਤੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਨ ਲਈ ਸੰਤੋਖ ਸਿੰਘ ਐਸ.ਡੀ.ਓ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਸਕੂਲ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪਲ ਖੁਸ਼ਵੰਤ ਸਿੰਘ, ਡੀ.ਪੀ ਜ਼ਸਵੰਤ ਸਿੰਘ ਅਤੇ ਮਨੀਸ਼ ਗੁਪਤਾ, ਮੈਡਮ ਇੰਦੂ ਵਾਲਾ, ਮੈਡਮ ਕੁਲਜੀਤ ਕੌਰ, ਮੈਡਮ ਕਰੰਸੀ, ਸੁਰਿੰਦਰ ਸਿੰਘ, ਅਜੀਤਪਾਲ ਸਿੰਘ, ਮੈਡਮ ਰਜਨੀ ਬਾਲਾ ਅਤੇ ਸਮੂਹ ਸਟਾਫ ਨੇ ਖੇਡਾਂ ਵਿਚੋਂ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ।

# ਧਾਰਮਿਕ ਸਮਾਗਮ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਦੇ ਹਨ - ਏ.ਸੀ.ਪੀ ਕੁਲਦੀਪ ਸਿੰਘ



**ਚੌਕ ਮਹਿਤਾ, 22 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਥਾਨਕ ਸ਼ਿਵਾ ਇੰਨਕਲੇਵ ਝਬਾਲ ਰੋਡ ਵਿਖੇ ਸਮਾਜ ਸੇਵਕ ਅਸ਼ੋਕ ਨਾਰੰਗ ਅਤੇ ਸਿਧਾਰਥ ਰਾਏ ਨਾਰੰਗ ਵੱਲੋਂ ਸਰਬੱਤ ਦੇ ਭਲੇ ਲਈ ਅਤੇ ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਬੀਬੀਆਂ ਵੱਲੋਂ ਹਰ ਜਸ ਨਾਲ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਏ.ਸੀ.ਪੀ ਕ੍ਰਾਇਮ ਕੁਲਦੀਪ ਸਿੰਘ ਨੇ ਪਹੁੰਚਕੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਸਮਾਗਮ ਵਿੱਚ ਭਾਗ ਲਿਆ।ਇਸ ਮੌਕੇ ਏ.ਸੀ.ਪੀ ਕੁਲਦੀਪ ਸਿੰਘ ਨੇ ਕਿਹਾ ਕਿ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਧਾਰਮਿਕ ਸਮਾਗਮ ਸੰਗਤਾਂ ਨੂੰ ਗੁਰੂ ਘਰ ਅਤੇ ਉਸ ਪਰਮ ਪਿਤਾ ਪ੍ਰਮਾਤਮਾ ਨਾਲ ਜੋੜਦੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਅਪਣਾ ਮਨ ਸਮਾਜ ਸੇਵੀਂ ਅਤੇ ਧਾਰਮਿਕ ਗਤੀਵਿਧੀਆਂ ਵੱਲ ਲਗਾਉਣ।ਇਸ ਮੌਕੇ ਅਸ਼ੋਕ ਨਾਰੰਗ ਅਤੇ ਸਿਧਾਰਥ ਨਾਰੰਗ ਵੱਲੋਂ ਕੁਲਦੀਪ ਸਿੰਘ ਨੂੰ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੰਕਜ ਤਾਰਾ, ਬਿਕਰਮ ਸਿੰਘ ਸਰੀਫਪੁਰਾ, ਵਿਸ਼ਾਲ ਆਨੰਦ, ਸਾਗਰ ਅਰੋੜਾ, ਸੰਜੀਵ ਪੁਰੀ, ਸੈਂਟੀ ਅਰੋੜਾ ਆਦਿ ਹਾਜ਼ਰ ਸਨ।

# ਪੰਚਕੂਲਾ 'ਚ ਹੋਏ ਸਟੇਟ ਲੈਵਲ ਦੇ ਅਬੈਕਸ ਦੇ ਮੁਕਾਬਲਿਆਂ ਚ ਸੈਟ ਸੋਲਜਰ ਸਕੂਲ ਦਾ ਵਿਦਿਆਰਥੀ ਨਵਰੋਜ ਸਿੰਘ ਖਹਿਰਾ ਬਣਿਆ ਸਟੇਟ ਚੈਂਪੀਅਨ



**ਜੰਡਿਆਲਾ ਗੁਰੂ, 22 ਸਤੰਬਰ (ਕੁਲਵੰਤ ਸਿੰਘ ਵਿਰਦੀ)**-ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਇੱਕ ਅਜਿਹਾ ਅਦਾਰਾ ਹੈ ਜਿਹੜਾ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਵਿੱਚ ਵਿਲੱਖਣ ਗੁਣਵਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨਾਲ ਬੱਚੇ ਅੱਗੇ ਚੱਲ ਕੇ ਚੰਗੇ ਮੁਕਾਬਲਿਆਂ ਵਿੱਚ ਬੈਠਣ ਦੇ ਯੋਗ ਹੋਣ ਅਤੇ ਆਪਣੀ ਮੰਜ਼ਿਲ ਪ੍ਰਾਪਤ ਕਰ ਸਕਣ । ਇਸੇ ਤਹਿਤ ਪੰਚਕੂਲਾ ਵਿਖੇ ਹੋਏ ਸਟੇਟ ਲੈਵਲ ਦੇ ਅਬੈਕਸ ਦੇ ਮੁਕਾਬਲਿਆਂ ਵਿੱਚ ਸੈਟ ਸੋਲਜਰ ਸਕੂਲ ਦਾ ਵਿਦਿਆਰਥੀ ਨਵਰੋਜ ਸਿੰਘ ਖੈਹਰਾ ਸਟੇਟ ਚੈਂਪੀਅਨ ਬਣਿਆ। ਅਤੇ ਨਾਲ ਹੀ ਬਾਕੀ ਬੱਚਿਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ।ਜਿਹਨਾਂ ਵਿੱਚ ਤਨਵੀਰ ਕੌਰ ਤੀਸਰੀ ਕਲਾਸ, ਏਕਮਪ੍ਰੀਤ ਸਿੰਘ ਚੌਥੀ ਕਲਾਸ, ਨਵਰੋਜ ਸਿੰਘ ਪੰਜਵੀਂ ਕਲਾਸ, ਦਿਲ ਅਰਮਾਨ ਸਿੰਘ ਛੇਵੀਂ ਕਲਾਸ ,ਪ੍ਰਭਜੋਤ ਕੌਰ ਛੇਵੀਂ ਕਲਾਸ ਅਤੇ ਦਿਲਰਾਜ ਸਿੰਘ ਸੱਤਵੀਂ ਕਲਾਸ ਨੇ ਸਟੇਟ ਲੈਵਲ ਤੇ ਜਾ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅਤੇ ਟਰਾਫੀ ਦੇ ਰੂਪ ਵਿਚ ਇਨਾਮ ਹਾਸਿਲ ਕੀਤੇ।ਇਸੇ ਲੜੀ ਤਹਿਤ ਸਕੂਲ ਵਿੱਚ ਵੀ ਮੈਥ ਵਿਜ਼ਾਟ ਮੁਕਾਬਲਾ ਰਖਵਾਇਆ ਗਿਆ ਇਹ ਮੁਕਾਬਲਾ ਸੈਕਿੰਡ ਕਲਾਸ ਤੋਂ ਲੈ ਕੇ ਪੰਜਵੀਂਕਲਾਸ ਤੱਕ ਦੇ ਬੱਚਿਆਂ ਲਈ ਸੀ। ਇਹਨਾਂ ਮੁਕਾਬਲਿਆਂ ਵਿੱਚ ਦੂਸਰੀ ਕਲਾਸ ਦੇ ਸਾਰੇ ਸੈਕਸ਼ਨਾਂ ਵਿੱਚੋਂ ਅਭਿਸ਼ੇਕ ਤਨੇਜਾ ਸੈਕਿੰਡ ਏ ਕਲਾਸ ਨੇ ਪਹਿਲੀ ਪੁਜੀਸ਼ਨ, ਜਯੰਤੀ ਸੈਕਿੰਡ ਏ ਦੂਸਰੀ ਪੁਜੀਸ਼ਨ, ਨਿਤ ਪ੍ਰੀਤ ਸੈਕਿੰਡ ਡੀ ਕਲਾਸ ਤੀਸਰੀ ਪੁਜੀਸ਼ਨ ਹਾਸਿਲ ਕੀਤੀ।, ਇਸੇ ਤਰ੍ਹਾਂ ਤੀਸਰੀ ਕਲਾਸ ਦੇ ਸਾਰੇ ਸੈਕਸ਼ਨ ਵਿੱਚੋ ਮੋਕਸ਼ਿਤ ਸੈਕਸ਼ਨ ਏ ਫਸਟ ਪੋਜੀਸ਼ਨ, ਫਤਿਹ ਵੀਰ ਸਿੰਘ ਸੈਕਸ਼ਨ ਡੀ ਸੈਕੰਡ ਪੁਜ਼ੀਸ਼ਨ, ਹਰਿ ਕੀਰਤ ਸਿੰਘ ਸੈਕਸ਼ਨ ਬੀ ਤੀਸਰੀ ਪੋਜੀਸ਼ਨ ਹਾਸਿਲ ਕੀਤੀ। ਇਸੇ ਤਰ੍ਹਾਂ ਚੌਥੀ ਕਲਾਸ ਦੇ ਸੈਕਸ਼ਨਾਂ ਵਿੱਚੋਂ ਏਕਮ ਪ੍ਰੀਤ ਸਿੰਘ ਸੈਕਸ਼ਨ ਬੀ ਫਸਟ ਪੁਜੀਸ਼ਨ, ਅਮਨੀਤ ਕੌਰ ਸੈਕਸ਼ਨ ਸੀ ਸੈਕਿੰਡ ਪੁਜੀਸ਼ਨ, ਰਿਦਮ ਕੌਰ ਸੈਕਸ਼ਨ ਸੀ ਤੀਸਰੀ ਪਜੀਸ਼ਨ ਹਾਸਿਲ ਕੀਤੀ। ਇਸੇ ਤਰ੍ਹਾਂ ਪੰਜਵੀਂ ਕਲਾਸ ਦੇ ਸਾਰੇ ਸੈਕਸ਼ਨਾ ਵਿੱਚੋ ਅਰਹਮ ਜੈਨ ਸੈਕਸ਼ਨ ਡੀ ਪਹਿਲੀ ਪੁਜੀਸ਼ਨ, ਨਵ ਰੋਜ ਸਿੰਘ ਖਹਿਰਾ ਸੈਕਸ਼ਨ ਡੀ ਦੂਸਰੀ ਪੋਜੀਸ਼ਨ, ਸ਼ਰਨਪ੍ਰੀਤ ਕੌਰ ਸੈਕਸ਼ਨ ਡੀ ਤੀਸਰੀ ਪੁਜੀਸ਼ਨ ਹਾਸਿਲ ਕੀਤੀ।ਸਕੂਲ ਦੇ ਐਮਡੀ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਜੇਤੂ ਬੱਚਿਆਂ ਨੂੰ ਸ਼ਾਬਾਸ਼ੀ ਅਤੇ ਵਧਾਈ ਦਿੱਤੀ। ਅਤੇ ਇਸੇ ਤਰ੍ਹਾਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ, ਸ਼ਿਲਪਾ ਸ਼ਰਮਾ ਜੀ ਕੁਆਡੀਨੇਟਰ, ਨਿਲਾਕਸੀ ਗੁਪਤਾ,ਪ੍ਰਿਅੰਕਾ ਸ਼ਰਮਾ ਸਮੂਹ ਸਟਾਫ ਤੇ ਬੱਚੇ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਗੁਰਦੁਆਰਾ ਸਿੰਘ ਸਭਾ ਵਿਲਕੀ ਰੋਡ (ਸਿੰਘਾਪੁਰ) ਵਿਖੇ ਸੰਗਤਾਂ ਨੇ ਕੀਰਤਨ ਸਰਵਣ ਕੀਤਾ




ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਜੀ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਦਮਦਮੀ ਟਕਸਾਲ ਦੇ ਹਜੂਰੀ ਰਾਗੀ ਭਾਈ ਲਵਜੀਤ ਸਿੰਘ ਜੀ ਦਾ ਜਥਾ ਵਿਦੇਸਾਂ ਦੀ ਯਾਤਰਾ ਦੇ ਦੌਰਾਨ ਗੁਰਦੁਆਰਾ ਸਿੰਘ ਸਭਾ ਵਿਲਕੀ ਰੋਡ ( ਸਿੰਘਾਪੁਰ) ਵਿਖੇ ਸੰਗਤਾਂ ਨੂੰ ਕੀਰਤਨ ਸਰਵਨ ਕਰਉਦੇ ਹੋਏ। (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

### ਨਿਸ਼ਾਨੇਬਾਜੀ ਕੱਪ ਦੇ

# ਚੌਥੇ ਅਤੇ ਆਖਰੀ ਦਿਨ ਹੋਏ ਫਾਈਨਲ ਮੁਕਾਬਲੇ ; ਜੇਤੂਆਂ ਨੂੰ ਵੱਡੇ ਇਨਾਮ





**ਫ਼ਿਰੋਜ਼ਪੁਰ, 22 ਸਤੰਬਰ (ਮਨੋਹਰ ਲਾਲ) :—** ਅੱਜ ਬਾਅਦ ਦੁਪਹਿਰ ਫਰੀਦਕੋਟ ਦੇ ਨਹਿਰੂ ਸਟੇਡੀਅਮ ਦੀ ਸ਼ੂਟਿੰਗ ਰੇਂਜ ਵਿੱਚ ਮਿਸਲ ਸਤਲੁਜ ਵੱਲੋਂ ਸਲਾਨਾ ਸਰਦਾਰ ਚੜ੍ਹਤ ਸਿੰਘ ਨਿਸ਼ਾਨੇਬਾਜੀ ਕੱਪ ਦੇ ਚੌਥੇ ਅਤੇ ਆਖਰੀ ਦਿਨ ਫਾਈਨਲ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ 36 ਪੁਆਇੰਟਾਂ ਨਾਲ ਜਿੱਤ ਕੇ ਓਵਰਆਲ ਕੱਪ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਹਾਸਲ ਕੀਤਾ। ਚੈਂਪੀਅਨ ਆਫ ਚੈਪੀਅਨਜ਼ ਮੁਕਾਬਲਿਆਂ ਵਿੱਚ ਐਨ.ਆਰ ਪਿਸਟਲ ਗਰੁੱਪ ਵਿਚ ਉੱਤਰ ਪ੍ਰਦੇਸ਼ ਦੇ ਸਾਗਰ ਤੋਮਰ, ਐਨ.ਆਰ. ਰਾਈਫਲ ਚ ਇਸ਼ਵਰੀ ਬੋਰਡੇ ਮੁਹਾਲੀ, ਆਈ.ਐਸ.ਐਸ.ਐਫ ਪਿਸਟਲ ਚ ਸਰੁਚੀ ਭਿਵਾਨੀ ਅਤੇ ਆਈ.ਐਸ.ਐਸ.ਐਫ ਰਾਈਫਲ ਚ ਕਰਨ ਖੁਰਾਣਾ ਫਰੀਦਕੋਟ ਚੈਂਪੀਅਨ ਆਫ ਚੈਪੀਅਨਜ਼ ਬਣੇ। ਇਸ ਮੌਕੇ ਜੇਤੂ ਖਿਡਾਰੀਆਂ ਅਤੇ ਕੋਚ ਸਹਿਬਾਨਾਂ ਨੂੰ ਇਨਾਮ ਉਲੰਪੀਅਨ ਸਿਫਤ ਕੌਰ ਸਮਰਾ, ਕਮਲਜੀਤ ਸਿੰਘ ਸੰਧੂ ਰੱਤਾਖੇੜਾ, ਸਿਮਰਜੀਤ ਸਿੰਘ ਸੇਖੋਂ, ਦਵਿੰਦਰ ਸਿੰਘ ਸੇਖੋਂ ਜਰਨਲ ਸਕੱਤਰ ਮਿਸਲ ਸਤਲੁਜ, ਚੇਅਰਮੈਨ ਸੁਖਜੀਤ ਸਿੰਘ ਢਿੱਲਵਾਂ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਮੈਂਬਰ ਲੋਕ ਸਭਾ ਸਰਬਜੀਤ ਸਿੰਘ ਮਲੋਆ ਨੇ ਤਕਸੀਮ ਕੀਤੇ। ਇਸ ਮੌਕੇ ਦਵਿੰਦਰ ਸਿੰਘ ਸੇਖੋਂ ਨੇ ਮੰਗ ਕੀਤੀ ਕਿ ਇਸ ਰੇਂਜ਼ ਵਿੱਚ ਸਰਕਾਰ ਵੱਲੋਂ ਰਾਇਫਲਾਂ ਅਤੇ ਪਿਸਟਲ ਮੁਹੱਈਆ ਕਰਾਏ ਜਾਣ ਤਾਂ ਜੋ ਗਰੀਬ ਘਰਾਂ ਦੇ ਬੱਚੇ ਵੀ ਇਸ ਮਹਿੰਗੀ ਖੇਡ ਚ ਅੱਗੇ ਆ ਸਕਣ। ਇਨਾਮ ਵੰਡ ਸਮਾਰੋਹ ਵਿੱਚ ਬੋਲਦਿਆਂ ਸਪੀਕਰ ਸ: ਸੰਧਵਾਂ ਨੇ ਮਿਸਲ ਸਤਲੁਜ ਦੇ ਇਸ ਸ਼ਾਨਦਾਰ ਕਾਰਜ ਦੀ ਸਿਫਤ ਕਰਦਿਆਂ ਕਿਹਾ ਕਿ ਇਸ ਕੱਪ ਨੇ ਖੇਡਾਂ ਦੇ ਨਾਲ—ਨਾਲ ਸਾਡੇ ਮਾਣਮੱਤੇ ਇਤਿਹਾਸ ਤੋਂ ਨਵੇਂ ਬੱਚਿਆਂ ਨੂੰ ਜਾਣੂ ਕਰਵਾਇਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਸਰਦਾਰ ਚੜ੍ਹਤ ਸਿੰਘ ਕਿੰਨੇ ਮਹਾਨ ਨਿਸ਼ਾਨਚੀ ਸਨ। ਇਸ ਮੌਕੇ ਮਿਸਲ ਸਤਲੁਜ ਦੇ ਯੂਥ ਸਕੱਤਰ ਹਰਦੀਪ ਸਿੰਘ ਡੋਡ ਨੇ ਸਹਿਯੋਗ ਕਰਨ ਵਾਲੀ ਸਾਰੀ ਟੀਮ ਤੇ ਲੰਗਰ ਦਾ ਪ੍ਰਬੰਧ ਕਰਨ ਵਾਲੇ ਪਿੰਡਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ੂਟਿੰਗ ਕੋਚ ਸੁਖਰਾਜ ਕੌਰ ਅਤੇ ਫਰੀਦਕੋਟ ਸ਼ੂਟਿੰਗ ਐਸੋਸੀਏਸ਼ਨ ਦੇ ਸਮੂਹ ਆਹੁਦੇਦਾਰ, ਬਾਬਾ ਅਵਤਾਰ ਸਿੰਘ ਸਾਧਾਂਆਲੇ, ਰਮਨਦੀਪ ਸਿੰਘ ਬਠਿੰਡਾ, ਗੁਰਸੇਵਕ ਸਿੰਘ ਚਾਹਲ, ਨੌਜਵਾਨ ਆਗੂ ਮਾਨ ਸਿੰਘ ਕਿਲੀ ਹਾਜ਼ਰ ਰਹੇ, ਮਿਸਲ ਸਤਲੁਜ ਦੇ ਸੂਬਾ ਸਕੱਤਰ ਗੁਪਿੰਦਰਜੀਤ ਸਿੰਘ ਗੋਲਡੀ ਪਿਪਲੀ, ਕਿਸਾਨ ਵਿੰਗ ਮਾਲਵਾ ਜੋਨ ਦੇ ਪ੍ਰਧਾਨ ਹਰਦੇਵ ਸਿੰਘ ਘਣੀਏਵਾਲਾ, ਯੂਥ ਸਕੱਤਰ ਹਰਦੀਪ ਸਿੰਘ ਡੋਡ, ਪਿਰਤਪਾਲ ਸਿੰਘ ਬਰਾੜ, ਸਿਮਰਜੀਤ ਸਿੰਘ ਡੋਡ, ਅਮਨਦੀਪ ਸਿੰਘ ਡੋਡ, ਕੁਲਦੀਪ ਡੋਡ, ਸੁਖਵਿੰਦਰ ਸਿੰਘ ਗਗਨ ਸਿੱਧੂ ਭਗਤਾ, ਅਰਸ਼ਦੀਪ ਸਿੰਘ ਖ਼ਾਲਸਾ, ਬਲਜੀਤ ਸਿੰਘ ਜਲ ਸੇਵਾ, ਗੁਰਮੀਤ ਸਿੰਘ ਸਰਪੰਚ ਸੁਲਹਾਣੀ, ਸੁਖਜਿੰਦਰ ਸਿੰਘ ਰਾਏ, ਜਸਦੀਪ ਸਿੰਘ ਸੇਖੋਂ, ਸੁਖਰਾਜ ਸਿੰਘ ਸੁੱਖਣਵਾਲਾ, ਗੁਰਪਰੇਮ ਸਿੰਘ ਟੀਟੂ ਪਤਲੀ, ਗੁਰਬੀਰ ਸਿੰਘ ਬੱਬੂ ਖੋਸਾ ਤੂੰਬੜਭੰਨ, ਲਖਵਿੰਦਰ ਸਿੰਘ ਕਾਲੀਏਵਾਲਾ ਨੇ ਸੇਵਾਵਾਂ ਨਿਭਾਈਆਂ।

# ਸਰਕਾਰ ਨੇ ਢਾਈ ਸਾਲਾਂ ਚ ਮਿਸਾਲੀ ਕੰਮ ਕਰ ਕੇ ਵਿਖਾਏ : ਗੁਰਜਿੰਦਰ ਘੁਹਾਟਵਿੰਡ

**ਚੌਕ ਮਹਿਤਾ, 22 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਚਾਇਤੀ ਚੋਣਾਂ ਦੌਰਾਨ ਸਰਬ-ਸੰਮਤੀ ਨਾਲ ਚੁਣੇ ਜਾਣ ਵਾਲੀਆਂ ਪੰਚਾਇਤਾਂ ਨੂੰ ਸਰਕਾਰ ਵੱਲੋਂ 5 ਲੱਖ ਦੀ ਵਿਸ਼ੇਸ਼ ਗ੍ਰਾਂਟ ਦੇਣ ਦਾ ਫੈਸਲਾ ਸ਼ਲਾਘਾ ਯੋਗ ਹੈ। ਕਿਉਂਕਿ ਇਸ ਨਾਲ ਧੜੇਬੰਦੀ ਖ਼ਤਮ ਹੋਵੇਗੀ ਅਤੇ ਪਿੰਡਾਂ ਦੀ ਵਿਕਾਸ ਦਰ ਵਿਚ ਵਾਧਾ ਹੋਵੇਗਾ। ਇਹ ਪ੍ਰਗਟਾਵਾ ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਘੁਹਾਟਵਿੰਡ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਬਣੀ ਨੂੰ ਪੂਰੇ ਢਾਈ ਸਾਲ ਹੋਏ ਹਨ, ਅਤੇ ਬਿਨਾਂ ਰਿਸ਼ਵਤ ਤੇ ਸਿਫ਼ਾਰਸ਼ ਤੋਂ ਮੈਰਿਟ ਦੇ ਅਧਾਰ ਤੇ ਸਰਕਾਰ ਨੇ 45 ਹਜ਼ਾਰ ਸਰਕਾਰੀ ਨੌਕਰੀਆਂ ਦੇ ਹੋਰਨਾਂ ਪਾਰਟੀਆਂ ਲਈ ਇਕ ਨਵੀਂ ਮਿਸਾਲ ਕਾਇਮ ਕੀਤੀ ਹੈ। ਸਰਕਾਰ ਪਿੰਡਾਂ 'ਚ ਲਾਇਬ੍ਰੇਰੀਆਂ ਖੋਲ੍ਹ ਰਹੀ ਹੈ, ਤਾਂ ਜੋ ਬੱਚੇ ਵੱਧ ਤੋਂ ਵੱਧ ਪੜ੍ਹਨ-ਲਿਖਣ, ਅਫ਼ਸਰ ਬਣਨ ਅਤੇ ਆਪਣੇ ਘਰਾਂ ਦੀਆਂ ਗਰੀਬੀਆਂ ਚੱਕ ਸਕਣ। ਪ੍ਰਧਾਨ ਗੁਰਜਿੰਦਰ ਘੁਹਾਟਵਿੰਡ ਨੇ ਆਖਿਆ ਕਿ ਅੱਜ ਪੰਜਾਬ 'ਚ ਅਜਿਹਾ ਕੋਈ ਘਰ ਨਹੀਂ ਹੈ ਜੋ ਬਿਜਲੀ, ਪਾਣੀ, ਸੀਵਰੇਜ ਅਤੇ ਸਰਕਾਰੀ ਸਹੂਲਤਾਂ ਤੋਂ ਵਾਂਝਾ ਹੋਵੇਗਾ। ਉਨ੍ਹਾਂ ਕਿਹਾ ਕਿ ਟੈਕਸ ਦੇ ਰੂਪ 'ਚ ਲਿਆ ਪੈਸਾ ਸਰਕਾਰ ਸਹੂਲਤਾਂ ਦੇ ਜਰੀਏ ਲੋਕਾਂ ਨੂੰ ਵਾਪਸ ਮੋੜ ਰਹੀ ਹੈ। ਜਿਵੇ ਵਧੀਆ ਸਕੂਲ, ਮੁਫ਼ਤ ਇਲਾਜ, ਮੁਫ਼ਤ ਬਿਜਲੀ ਅਤੇ ਪਾਣੀ ਵਰਗੀਆਂ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ, ਜਦਕਿ ਰਵਾਇਤੀ ਪਾਰਟੀਆਂ ਖ਼ਜ਼ਾਨਾ ਖ਼ਾਲੀ ਕਹਿ ਕੇ ਲੋਕਾਂ ਤੋਂ ਖਹਿੜਾ ਛੁਡਾਉਂਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ 'ਚ ਬੀ.ਐੱਮ.ਡਬਲਿਊ. ਦੇ ਪਾਰਟਸ ਬਣਾਉਣ ਦੇ ਪਲਾਂਟ ਲਗਾਉਣ ਵਰਗੇ ਵੱਡੇ ਪ੍ਰਜੈਕਟ ਲੈ ਕੇ ਆਈ ਹੈ, ਜਿਸ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਵੀ ਮਿਲੇਗਾ।



# ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲਿਆਂ ਨੂੰ ਨਹੀਂ ਦੇਸ਼ ਧ੍ਰੋਹੀਆਂ ਨੂੰ ਮਿਲਦੇ ਨੇ ਐਵਾਰਡ : ਪੀ.ਸੀ ਕੁਮਾਰ



ਫ਼ਿਰੋਜ਼ਪੁਰ, 22 ਸਤੰਬਰ (ਮਨੋਹਰ ਲਾਲ) :— ਇਹ ਐਵਾਰਡ ਕਿਸੇ ਦਾ ਜਮਾਦਰੂ ਅਧਿਕਾਰ ਨਹੀਂ ਬਲਕਿ ਮਾਨਖਤਾ ਦੀ ਸੇਵਾ ਦਾ ਜਨਤਾ ਜਨਾਰਧਨ ਵੱਲੋਂ ਇਕ ਹੌਂਸਲਾ ਅਫਜਾਈ ਤਾਂ ਜ਼ੋ ਨੇਕੀ ਦੀ ਮੱਦਦ ਕਰਨਾ ਨੇਕੀ ਨੂੰ ਉਤਸ਼ਾਹਤ ਮਿਲੇ ਤੇ ਬੁਰਾਈ ਤੇ ਨੇਕੀ ਦੀ ਜਿੱਤ ਨੂੰ ਬੜਾਵਾ ਮਿਲੇ ਜ਼ੋ ਸਮੇਂ—ਸਮੇਂ ਦੀਆਂ ਸਰਕਾਰਾਂ ਚੰਗੇ—ਚੰਗੇ ਖੇਤਰ ਵਿਚ ਯੋਗ ਦੇ ਨਾ ਵਾਲੇ ਲੋਕਾਂ ਦੀ ਨਿਰਪੱਖ ਨਵ ਰਤਨਾਂ ਦੀ ਜ਼ੋ ਇਤਿਹਾਸ ਵੀ ਗਵਾਹ ਦੇ ਇਨ੍ਹਾਂ ਰਤਨਾਂ ਦੀ ਹੀ ਨਹੀਂ ਬਲਕਿ ਮਾਨਵਤਾ ਦੇ ਸਰਵਪੱਖੀ ਵਿਕਾਸ, ਸਰੀਰਕ, ਮਾਨਸਿਕ, ਸਮਾਜਿਕ, ਬਿਮਾਰੀਆਂ, ਕੁਰੀਤੀਆਂ ਦੂਰ ਕਰ ਯੋਗ ਲੋਕਾਂ ਨੂੰ ਦੇਣਾ, ਇਸ ਕਮੇਟੀ ਦੀ ਪਹਿਲੀ ਤੇ ਆਖਰੀ ਜਿੰਮੇਵਾਰੀ ਬਣਦੀ ਹੈ, ਜ਼ੋ ਅੱਜ ਥੱਲੇ ਤੋਂ ਲੈ ਕੇ ਉੱਤੋਂ ਤੱਕ ਜਾਤੀ ਹਿੱਤਾਂ ਸਦਕਾ ਅਲੋਪ ਤੇ ਚਿਮਚੀ, ਚਿਮਚਾ ਜੀ ਹਾਜਰੀ ਨੂੰ ਲੈ ਕੇ ਕੰਮ ਨਹੀਂ ਚਮ ਜਰ ਜ਼ੋਰੂ ਵੋਟਾਂ ਦੀ ਰਾਜਨੀਤੀ, ਭਾਈ ਭਤੀਜਾਵਾਦ ਨੂੰ ਮਿਲਣ ਨਾਲ ਇਹ ਮਾਨ ਸਨਮਾਨ ਕਫਰ ਦੀ ਦੁਕਾਨ ਇਸ ਦੇਸ਼ ਭਗਤਾਂ, ਸ਼ਹੀਦਾਂ ਤੇ ਉਨ੍ਹਾਂ ਦੇ ਸੁਪਨੇ ਸਾਕਾਰ ਕਰ ਸੁਪਨਿਆਂ ਦਾ ਦੇਸ਼ ਦਾ ਨਿਰਮਾਨ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਵਿਚ ਸਨਮਾਨਾਂ ਦੀ ਕਦਰ ਵਧਾਉਣ ਤੇ ਜਨਤਕ ਸੇਵਾਦਾਰ ਨੂੰ ਬੜਾਵਾ ਦੇਣ ਦੀ ਥਾਂ ਅੱਜ ਜਨਤਾ ਦੀ ਨਜ਼ਰਾ ਵਿਚ ਗਿਰੇ ਹੋਏ ਤੇ ਨਿਕਾਰੇ ਹੋਏ ਲੋਕਾਂ ਨੂੰ ਦੇਨਾ ਨਾਲ ਜਿਥੇ ਵਾਰਡ ਦੀ ਸਾਨੂੰ ਧੱਕਾ ਲਗਾ ਹੈ, ਉਥੇ ਬਦੀ ਨੂੰ ਨੇਕੀ ਤੇ ਜਿੱਤ ਦਾ ਬੋਲ ਬਾਲ ਸਦਕਾ ਪ੍ਰਮ ਸ਼ਹੀਦਾਂ ਦਾ ਅਪਮਾਨ ਹੋਇਆ, ਹੋ ਰਿਹਾ ਤੇ ਹੁੰਦਾ ਰਹੇਗਾ, ਜਦ ਇਨ੍ਹਾਂ ਚਿਮਚਿਆਂ ਦੀ ਥਾਂ ਯੋਗ ਨਿਰਪੱਖ ਲੋਕਾਂ ਦੀ ਥਾਂ ਉਤੋਂ ਤੱਕ ਸਲਾਹਕਾਰ ਕਮੇਟੀਆਂ ਦਾ ਗਠਨ ਤੇ ਉਨ੍ਹਾਂ ਦੀ ਕਦਰ ਇਸ ਵੋਟਾਂ ਦੀ ਰਾਜਨੀਤੀ ਨੇ ਅਲੋਪ ਕਰ ਹਰ ਪਾਸੇ ਲੂਚਾ ਲੰਡਾ ਚੌਧਰੀ ਗੁੰਡੀ ਰਨ ਪ੍ਰਧਾਨ ਕਰ ਹਰ ਖੇਤਰ ਵਿਚ ਅਰਾਜਕਤਾ ਹਫੜਾ ਦਫੜੀ, ਬੁਰਾਈਆਂ, ਕੁਰੀਤੀਆਂ, ਬਿਮਾਰੀਆਂ ਨੂੰ ਬੜਾਵਾ ਮਿਲਣ ਨਾਲ ਹਾਹਾਕਾਰ ਹੋ ਰਹੀ ਹੈ, ਜ਼ੋ ਇਕੋ—ਇਕ ਹੱਲ ਨੇਕੀ ਦੀ ਮੱਦਦ ਕਰਨਾ, ਨੇਕੀ ਨੂੰ ਬੜਾਵਾ ਹੈ।

ਅੱਗੇ ਗੱਲਬਾਤ ਕਰਦਿਆਂ ਸ੍ਰੀ ਪੀ.ਸੀ ਕੁਮਾਰ ਨੇ ਕਿਹਾ ਕਿ ਇਨ੍ਹਾਂ ਦਸਾਂ ਵਰ੍ਹਿਆਂ ਵਿਚ ਭੇਜੇ ਗਏ ਕੇਸਾਂ ਵਿਚ ਇਸ ਨਤੀਜੇ ਤੇ ਪਹੁੰਚਾ ਹਾਂ ਇਹ ਜ਼ੋ ਨਿਚਲੇ ਪੱਧਰ ਫੀਲਡ ਸਟਾਫ ਦੀਆਂ ਰਿਪੋਰਟਾਂ ਉਨ੍ਹਾਂ ਦੀਆਂ ਕੀਤੀਆਂ ਗਈਆਂ ਸਿਫਾਰਸ਼ਾਂ ਅਨੇਕਾਂ ਚੈਨਲਾਂ ਵਿਚੋਂ ਗੁਜਰ ਕੇ ਜ਼ਿਲ੍ਹਾ, ਸਟੇਟ ਪੱਧਰ ਤੇ ਜਦੋਂ ਭਾਰਤ ਦੇਸ਼ ਨੂੰ ਭੇਜਣ ਦਾ ਮੌਕਾ ਆਉਂਦਾ ਹੈ, ਉਹ ਦਸ—ਦਸ ਫਾਇਲਾਂ ਅਨੇਕਾਂ ਮਿਲੇ ਨਿਚਲੇ ਪੱਧਰ ਤੋਂ ਸਨਮਾਨ ਹਜ਼ਾਰਾਂ ਰੁਪਏ ਫਾਇਲਾਂ ਤੇ ਦੂਜੇ, ਸੇਵਾ, ਲੋਕ ਹਿੱਤ ਦੇ ਕੰਮਾਂ ਤੇ ਇਕ ਫਲਾ ਬਨ ਸਮੇਂ, ਪੈਸੇ ਅਤੇ ਮਾਨਸਿਕ, ਸਰੀਰਕ, ਅਨਰਜੀ ਦੀ ਬਰਬਾਦੀ ਬਨ ਵਨਮੈਨ ਸੋ ਨਿਚਲੇ ਲੋਕਾਂ ਇਨ੍ਹਾਂ ਇਨਾਮਾਂ ਐਵਾਰਡਾਂ ਦੇਸ਼ ਤੋਂ ਮਰਨ ਕੁਰਬਾਨ ਹੋਣ ਵਾਲੇ ਸ਼ਹੀਦਾਂ ਤੇ ਉਨ੍ਹਾਂ ਦੇ ਸੁਪਨੇ ਸਾਕਾਰ ਕਰਨ ਤੇ ਭਾਵਨਾਵਾਂ ਦੀ ਕਦਰ ਕਰਨ ਭਾਰਤ ਲਈ ਕੰਮ ਕਰਨ ਵਾਲੇ ਪ੍ਰਮ ਸ਼ਹੀਦਾਂ ਜ਼ੋ ਇਸ ਦੇਸ਼ ਹੋ ਰਿਹਾ ਹੈ, ਉਸ ਦੇ ਸਰਾਸਰਾ ਜੁੰਮੇਦਾਰ ਉਹ ਲੋਕ ਹਨ, ਜ਼ੋ ਹੀਰੇ ਜਵਾਹਰਾਤ ਮੋਤੀਆਂ ਦੀ ਕਦਰ ਪਹਿਚਾਨ ਕਰਨ ਦੀ ਬਜਾਏ ਕੋਡੀਆਂ, ਕੋਲਿਆਂ ਦੇ ਵਨਜ ਜ਼ੋ ਨੋਟਾਂ ਤੇ ਵੋਟਾਂ ਭਾਈ ਭਤੀਜਾਵਾਦ ਕੰਮ ਨਹੀਂ ਚੰਮ ਨੂੰ ਧਰਮ ਜਾਤ ਪਾਤ ਜਾਤੀ ਲਾਭ ਦੇਣ ਲਈ ਚੋਰ ਦਰਵਾਜਿਆਂ ਰਾਹੀਂ ਇਨ੍ਹਾਂ ਐਵਾਰਡਾਂ ਰਾਹੀਂ ਕਾਲੇ ਧੰਦੇ ਨੂੰ ਬੜਾਵਾ ਦੇ ਰਹੇ ਹਨ, ਜੇ ਇਸ ਨੂੰ ਰੋਕਿਆ ਨਾ ਗਿਆ, ਜ਼ੋ ਅੱਜ ਵੇਖਣ ਨੂੰ ਮਿਲ ਰਿਹਾ ਹੈ, ਜਿਨ੍ਹਾਂ ਲੋਕਾਂ ਨੂੰ ਪਹਿਲਾਂ ਮਿਲੇ ਤੇ ਹੁਣ ਮਿਲਣ ਜਾ ਰਹੇ ਹਨ, ਇਸ ਜ਼ਿਲ੍ਹਾ, ਸਟੇਟ ਤੇ ਸੈਂਟਰ ਪੱਧਰ ਤੱਕ ਇਕ ਘੋਟਾਲਿਆਂ ਵਿਚੋਂ ਅਵਲ ਘੋਟਾਲਾ ਜ਼ੋ ਨਿਰਪੱਖ ਏਜੰਸੀ ਤੋਂ ਪੜਤਾਲ ਕਰਵਾਈ ਜਾਵੇ, ਸਾਰੀਆਂ ਕਾਲੀਆਂ ਭੇਡਾਂ ਜ਼ੋ ਭੇੜਿਆਂ ਦੇ ਰੂਪ ਵਿਚ ਸਮਾਜ, ਦੇਸ਼ ਜ਼ੋ ਅੱਜ ਹਰ ਖੇਤਰ ਵਿਚ ਪਛੜ ਰਿਹਾ ਹੈ, ਨੇਦੀ ਦੀ ਬਜਾਏ ਬਦੀ ਨੂੰ ਬੜਾਵਾ ਮਿਲ ਰਿਹਾ ਹੈ। ਕਰੋੜਾਂ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਦਾ ਧੰਨ ਜ਼ੋ ਸ਼ਹੀਦਾਂ, ਪਰਮ ਸ਼ਹੀਦਾਂ, ਲੋਕ ਹਿੱਤਾਂ ਲਈ ਕੰਮ ਕਰਨ ਨੂੰ ਮਾਨਾ ਸਨਮਾਨ ਲਈ ਸੀ, ਉਹ ਦੇਸ਼ ਅਹਿਤੇ ਜਾਨ ਭੇਜਾ ਰਿਹਾ ਹੈ, ਨਿਰਪੱਖ ਏਜੰਸੀ ਦੀ ਪੜਤਾਲ ਦੀ ਲੋੜ ਹੈ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸਵਰਨ ਸਿੰਘ ਬੂੰਗਾ ਟਿੱਬੀ ਦੇ ਸਤਿਕਾਰਯੋਗ

# ਮਾਤਾ ਸਤਵੰਤ ਕੌਰ ਜੀ ਦੀ ਅੰਤਿਮ ਅਰਦਾਸ ਸੰਪੰਨ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸ਼ੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ, ਟੀਪੀ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ ਅਤੇ ਹੋਰ ਪੰਥਕ, ਧਾਰਮਿਕ ਦੇ ਸਿਆਸੀ ਸ਼ਖਸੀਅਤਾਂ ਨੇ ਲਗਵਾਈ ਹਾਜ਼ਰੀ














**ਕਰਨਾਲ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਸਵਰਨ ਸਿੰਘ ਬੂੰਗਾ ਟਿੱਬੀ ਦੇ ਸਤਿਕਾਰਯੋਗ ਮਾਤਾ ਸਤਵੰਤ ਕੌਰ ਜੀ ਦੀ ਅੱਜ ਅੰਤਿਮ ਅਰਦਾਸ ਸਮੇਂ ਗੁਰਬਾਣੀ ਦਾ ਵੈਰਾਗਮਈ ਕਥਾ ਕੀਰਤਨ ਕਰਦੇ ਹੋਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਦਾਦੂ ਸਾਹਿਬ,ਗਿ: ਜਗਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਨਾਢਾ ਸਾਹਿਬ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸ਼ੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ,ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ,ਟੀਪੀ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ,ਮਲਕੀਤ ਸਿੰਘ ਪੰਨੀਵਾਲਾ ਸਿਰਸਾ ਮੈਂਬਰ,ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ,ਡਾ:ਹਰਨੇਕ ਸਿੰਘ ਪੰਚਕੂਲਾ ਮੈਂਬਰ,ਗੁਰਮੀਤ ਸਿੰਘ ਮੀਤਾ ਪਿੰਜੌਰ ਮੈਂਬਰ,ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਕੁਲਦੀਪ ਸਿੰਘ ਭਾਣੋਖੇੜੀ ਵਧੀਕ ਸਕੱਤਰ ਧਰਮ ਪ੍ਰਚਾਰ,ਪਰਮਜੀਤ ਸਿੰਘ ਮੈਨੇਜਰ ਸੇਰਗੜ ਸਕੱਤਰ ਮੈਨੇਜਰ,ਪ੍ਰਸਿੱਧ ਢਾਡੀ ਮਲਕੀਤ ਸਿੰਘ ਮੀਤ,ਕਵਿਤਾ ਚੌਧਰੀ ਸਰਪੰਚ,ਗਿਆਨ ਚੰਦ ਗੁਪਤਾ ਸਾਬਕਾ ਸਪੀਕਰ ਹਰਿਆਣਾ ਸਰਕਾਰ ਅਤੇ ਸਿੱਖ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਕਿਸਾਨ ਮਜ਼ਦੂਰ ਮੋਰਚਾ ਅਤੇ SKM (NP) ਵਲੋਂ ਪਿਪਲੀ ਅਨਾਜ਼ ਮੰਡੀ ਵਿੱਚ ਕਿਤੀ ਇਕ ਵੱਡੀ ਕਿਸਾਨ ਮਹਾਂਪੰਚਾਇਤ

# ਹਰਿਆਣਾ, ਪੰਜਾਬ, ਯੂਪੀ, ਉੱਤਰਾਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਕਿਸਾਨਾਂ ਨੇ ਕੀਤੀ ਸ਼ਿਰਕਤ

☛ ਭਾਜਪਾ ਨੂੰ ਪਿੰਡ ਪਿੰਡ ਵਿੱਚ ਸ਼ਾਂਤੀ ਪੂਰਨ ਤਰੀਕੇ ਨਾਲ ਸਵਾਲ ਕੀਤੇ ਜਾਣ ਅਤੇ ਜਬਾਬ ਨਾ ਦੇਣ ਤੇ ਉਹਨਾਂ ਦਾ ਵੀਡੀਓ ਵਾਇਰਲ ਕੀਤਾ ਜਾਵੇ ☛ ਕਾਂਗਰਸ ਨੂੰ ਵੀ ਸਵਾਲ ਕੀਤਾ ਜਾਵੇ ਕਿ ਉਹ ਸ਼ੰਭੂ/ਖਾਨੌਰੀ ਬਾਰਡਰ ਵਾਲਾ ਰਾਹ ਖੋਲਣਗੇ ਕਿ ਨਹੀਂ? ☛ 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜਾ ਦਵਾਉਣ ਲਈ ਦੇਸ ਭਰ ਵਿਚ ਕਿਸਾਨ ਰੋਕਣਗੇ ਰੇਲ ☛ ਸਰਕਾਰੀ ਏਜੰਸੀਆਂ ਦੇ ਰਾਹੀਂ ਭਾਜਪਾ ਕਿਸਾਨ ਜਥੇਬੰਦੀਆਂ ਨੂੰ ਪਰੇਸ਼ਾਨ ਕਰਨਾ ਕਰੇ ਬੰਦ, ਕਿਹਾ ਅਸੀਂ ਡਰਨ ਵਾਲੇ ਨਹੀਂ

**ਪਿਪਲੀ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਮੋਰਚਾ ਅਤੇ ਐਸਕੇਐਮ (ਨੋਨ ਪੋਲੀਟੀਕਲ) ਵੱਲੋਂ ਕਿਸਾਨੀ ਮੁੱਦਿਆਂ ਨੂੰ ਲੈ ਕੇ ਕੁਰੁਕਸ਼ੇਤਰ ਦੇ ਪਿਪਲੀ ਦੀ ਅਨਾਜ ਮੰਡੀ ਵਿੱਚ ਇੱਕ ਵੱਡੀ ਕਿਸਾਨ ਪੰਚਾਇਤ ਦਾ ਆਯੋਜਨ ਕੀਤਾ ਗਿਆ, ਇਸ ਮੌਕੇ ਤੇ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ, ਉੱਤਰਾਖੰਡ, ਮੱਧ ਪ੍ਰਦੇਸ਼ ਅਤੇ ਗੁਜਰਾਤ ਦੇ ਕਿਸਾਨ ਨੇਤਾਵਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਵੱਖ ਵੱਖ ਆਗੂਆਂ ਨੇ ਆਪਣੇ ਸੰਬੋਧਨ ਦੇ ਵਿੱਚ ਭਾਜਪਾ ਦੀਆਂ ਕਿਸਾਨ ਮਾਰੂ ਨੀਤੀਆਂ ਅਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਉੱਤੇ ਚਰਚਾ ਕੀਤੀ। ਕਿਸਾਨ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਹਰਿਆਣਾ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੋਟ ਪਾਉਣ ਤੋਂ ਪਹਿਲਾਂ ਇਹ ਜਰੂਰ ਸੋਚ ਲੈਣ ਕਿ ਪਿਛਲੇ 10 ਸਾਲਾਂ ਵਿੱਚ ਮੌਜੂਦਾ ਸਰਕਾਰ ਨੇ ਕਿਸਾਨਾਂ ਅਤੇ ਕਿਸਾਨਾਂ ਦੇ ਸੰਬੰਧ ਦੇ ਵਿੱਚ ਕੀ ਕੀਤਾ ਹੈ। ਸ਼ਿਹਦ ਸ਼ੁਭਕਰਨ ਸਿੰਘ ਨੂੰ ਯਾਦ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਸ਼ਹੀਦ ਸ਼ੁਭਕਰਨ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇ ਸੂਬੇ ਵਿੱਚੋਂ ਭਾਜਪਾ ਸਰਕਾਰ ਨੂੰ ਵੱਡੀ ਸੰਖਿਆ ਦੇ ਨਾਲ ਹਰਾਇਆ ਜਾਵੇ। ਇਸ ਮੌਕੇ ਤੇ ਭਾਈ ਪ੍ਰਿਤਪਾਲ ਸਿੰਘ ਵੀ ਆਪਣੇ ਪਰਿਵਾਰ ਸਮੇਤ ਪਹੁੰਚੇ ਸਨ। ਯਾਦ ਰਹੇ ਪ੍ਰਿਤਪਾਲ ਸਿੰਘ ਨੂੰ 21 ਫਰਬਰੀ ਨੂੰ ਹਰਿਆਣਾ ਪੁਲਿਸ ਨੇ ਬੋਰੀ ਵਿੱਚ ਪਾ ਕੇ ਖਨੌਰੀ ਬਾਰਡਰ ਤੋਂ ਉਸ ਨੂੰ ਚੱਕ ਲਿਆ ਸੀ ਅਤੇ ਬੜੀ ਬੇਰਹਿਮੀ ਨਾਲ ਉਸ ਦੇ ਨਾਲ ਕੁੱਟਮਾਰ ਕੀਤੀ ਸੀ। ਇਸ ਮੌਕ ਤੇ ਬੋਲਦਿਆਂ ਬੀਕੇਯੂ ਸ਼ਹੀਦ ਭਗਤ ਸਿੰਘ ਦੇ ਪ੍ਰਧਾਨ ਅਮਰਜੀਤ ਸਿੰਘ ਮੋੜਦੀ ਨੇ ਹਰਿਆਣੇ ਦੇ ਕਿਸਾਨਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਉੱਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਫ਼ਸਲ ਬੀਮਾ ਯੋਜਨਾ ਤੋਂ ਭਾਜਪਾ ਸਰਕਾਰ ਨੇ ਹੱਥ ਪਿੱਛੇ ਖਿੱਚੇ, ਆਵਾਰਾ ਪਸ਼ੂਆਂ ਕਾਰਨ ਸਾਡੀ ਫ਼ਸਲ ਤੇ ਨਸਲ ਦਾ ਨੁਕਸਾਨ ਹੋ ਰਿਹਾ। ਉਨ੍ਹਾਂ ਦੱਸਿਆ ਕਿ ਆਵਾਰਾ ਪਸ਼ੂਆਂ ਦਾ ਪੱਕਾ ਹੱਲ ਕਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁਸਤਰਕਾ ਮਾਲਿਕਾਂਨਾ ਅਤੇ ਦੇਹ ਸ਼ਾਮਲਾਤ ਆਦਿ ਜਮੀਨਾਂ ਕਿਸਾਨਾਂ ਦੇ ਨਾਂ ਕੀਤੀਆਂ ਜਾਣ। ਪਿਛਲੇ ਲੋਕ ਸਭਾ ਚੋਣਾਂ ਦੇ ਤਰਕ ਤੇ ਇਸ ਵਾਰ ਵੀ ਕਿਸਾਨ ਆਗੂਆਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਸ਼ਾਂਤੀ ਦੇ ਨਾਲ ਭਾਜਪਾ ਦੇ ਆਗੂਆਂ ਤੋਂ ਸਵਾਲ ਪੁੱਛਣ ਨੂੰ ਕਿਹਾ ਅਤੇ ਉਹਨਾਂ ਕਿਹਾ ਕਿ ਜੇ ਭਾਜਪਾ ਦੇ ਆਗੂ ਜਵਾਬ ਨਹੀਂ ਦੇ ਪਾਉਂਦੇ ਤੇ ਉਹਨਾਂ ਦਾ ਵੀਡੀਓ ਬਣਾ ਕੇ ਵੀ ਵਾਇਰਲ ਕੀਤਾ ਜਾਵੇ, ਨਾਲ ਹੀ ਉਹਨਾਂ ਨੇ ਇਹ ਵੀ ਕਿਹਾ ਕਿ ਕਿਸੇ ਵੀ ਹਾਲਤ ਦੇ ਵਿੱਚ ਕਾਨੂੰਨ ਦੀ ਉਲੰਘਨਾ ਨਾ ਕੀਤੀ ਜਾਵੇ ਅਤੇ ਇਲੈਕਸ਼ਨ ਦਾ ਮਾਹੌਲ ਨਾ ਖਰਾਬ ਕੀਤਾ ਜਾਵੇ। ਨਾਲ ਹੀ ਕਿਸਾਨ ਆਗੂਆਂ ਨੇ ਕਿਹਾ ਕਿ ਪਿੰਡਾਂ ਦੇ ਵਿੱਚ ਅਤੇ ਸ਼ਹਿਰਾਂ ਦੇ ਵਿੱਚ ਕਾਂਗਰਸ ਦੇ ਉਮੀਦਵਾਰਾਂ ਤੋਂ ਵੀ ਪੁੱਛਿਆ ਜਾਵੇ ਕਿ ਜੇ ਉਹ ਸੱਤਾ ਦੇ ਵਿੱਚ ਆਉਂਦੇ ਨੇ ਤੇ ਸ਼ੰਭੂ ਤੇ ਖਨੌਰੀ ਬਾਰਡਰ ਨੂੰ ਉਹਨਾਂ ਦੀ ਸਰਕਾਰ ਖੋਲੇਗੀ ਕਿ ਨਹੀਂ। ਕਿਸਾਨ ਆਗੂਆਂ ਨੇ 3 ਅਕਤੂਬਰ ਨੂੰ ਦੇਸ਼ ਭਰ ਵਿੱਚ 12:30 ਤੋਂ 2:30 ਵਜੇ ਤੱਕ ਰੇਲ ਰੋਕੋ ਦਾ ਸੱਦਾ ਦਿੱਤਾ ਹੈ। ਉਹਨਾਂ ਕਿਹਾ ਕਿ ਜਦ ਤੱਕ ਲਖੀਮਪੁਰ ਖੀਰੀ ਵਿੱਚ ਮਾਰੇ ਗਏ ਕਿਸਾਨਾਂ ਨੂੰ ਇਨਸਾਫ ਨਹੀਂ ਮਿਲਦਾ ਉਹ ਚੁੱਪ ਨਹੀਂ ਬੈਠਣਗੇ। ਇਸ ਮੌਕੇ ਤੇ ਸਰਵਨ ਸਿੰਘ ਪੰਧੇਰ, ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਰਾਏ ਜਸਵਿੰਦਰ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਫੂਲ, ਰਣਜੀਤ ਸਿੰਘ, ਰਾਜੂ, ਅਮਰਜੀਤ ਸਿੰਘ ਮੋਹੜੀ, ਅਸ਼ੋਕ ਬੁਲਾਰਾ, ਮਹਾਵੀਰ ਗੁੱਜਰ ਗੁਰਅਮਨੀਤ ਸਿੰਘ ਮਾਂਗਟ, ਸਿਫਤ ਖਾਨ ਮੈਵਾਤੀ, ਅਨਿਲ ਖਰਾਰੀ ਗੁਰਪ੍ਰੀਤ ਸਿੰਘ ਸੰਘਾ, ਬੀਬੀ ਸੁਖਵਿੰਦਰ ਕੌਰ, ਮਲਕੀਤ ਸਿੰਘ ਗੁਲਾਮੀ ਵਾਲਾ, ਗੁਰਧਿਆਨ ਸਿੰਘ, ਦਿਲਬਾਗ ਸਿੰਘ ਗਿੱਲ, ਹਰਪ੍ਰੀਤ ਸਿੰਘ, ਅਭੀਮੰਨੀਓ ਕੋਹਾੜ, ਸੁਖਜੀਤ ਸਿੰਘ ਹਰਦੋਝੰਡੇ ਉਨਾਂ ਨੇ ਕਿਸਾਨਾਂ ਨੂੰ ਸੰਬੋਧਿਤ ਕੀਤਾ। ਇਸ ਮੌਕੇ ਤੇ ਉੱਤਰਾਖੰਡ ਅਤੇ ਯੂਪੀ ਤੋਂ ਲਖੀਮਪੁਰ ਖੀਰੀ ਘਟਨਾ ਵਿੱਚ ਬੁਰੇ ਤਰੀਕੇ ਨਾਲ ਫੱਟੜ ਹੋਏ ਦੋ ਕਿਸਾਨ ਵੀਰਾਂ ਨੇ ਵੀ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਆਵਾਜ਼ਿ ਕੌਮ ਨੂੰ ਇਹ ਜਾਣਕਾਰੀ ਗੁਰਅਮਨੀਤ ਸਿੰਘ ਮਾਂਗਟ ਨੇ ਦਿੱਤੀ।

### ਜਗਰਾਉਂ ਵਿੱਚ ਬੀ ਜੇ ਪੀ ਦੇ ਆਗੂਆਂ ਦੀ ਹੋਈ ਖ਼ਾਸ ਮੀਟਿੰਗ

# ਰਾਣਾ ਗੁਰਮੀਤ ਸਿੰਘ ਸੋਢੀ ਨੇ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਸਦੱਸਯਤਾ ਅਭਿਆਨ ਦੀ ਚਰਚਾ ਕੀਤੀ



ਜਗਰਾਉਂ -(ਵਰਿਆਮ ਹਠੂਰ) ਜਗਰਾਉਂ ਵਿਖੇ ਭਾਰਤੀ ਜਨਤਾ ਪਾਰਟੀ ਇਕਾਈ ਦੀ ਸਦੱਸਯਤਾ ਅਭਿਆਨ ਨੂੰ ਲੈ ਕੇ ਇੱਕ ਖ਼ਾਸ ਮੀਟਿੰਗ ਹੋਈ, ਇਸ ਮੀਟਿੰਗ ਦੀ ਪ੍ਰਧਾਨਗੀ ਪਾਰਟੀ ਦੇ ਸੀਨੀਅਰ ਨੇਤਾ ਰਾਣਾ ਗੁਰਮੀਤ ਸਿੰਘ ਸੋਢੀ ਜੀ ਨੇ ਕੀਤੀ ਇਸ ਮੀਟਿੰਗ ਵਿੱਚ ਸਦੱਸਯਤਾ ਅਭਿਆਨ ਦੀ ਵਿਸਤਾਰ ਨਾਲ ਚਰਚਾ ਕੀਤੀ ਸੀਨੀਅਰ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਪਾਰਟੀ ਦੇ ਇਸ ਅਭਿਆਨ ਵਿੱਚ ਹੋਰ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ. ਉਨਾਂ ਵਿਸ਼ੇਸ਼ ਤੌਰ ਤੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਦੇਸ਼ ਦੇ ਵਿਕਾਸ ਅਤੇ ਸੁਰੱਖਿਆ ਦੇ ਲਈ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਬਣਨ. ਇਸ ਲਈ ਉਹ 8800002024 ਉੱਤੇ ਮਿਸਡ ਕਾਲ ਕਰਕੇ ਆਪਣਾ ਵੇਰਵਾ ਭਰਨ ਇਸ ਦੌਰਾਨ ਪਾਰਟੀ ਦੇ ਜਿਲਾ ਜਗਰਾਉਂ ਦੇ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਨੇ ਪਾਰਟੀ ਦੇ ਸਮੂਹ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਨਵੇਂ ਵਰਕਰਾਂ ਦਾ ਖਿੜੇ ਮੱਥੇ ਪਾਰਟੀ ਵਿੱਚ ਸਵਾਗਤ ਕਰਨ.ਪਾਰਟੀ ਦਾ ਵਿਸਥਾਰ ਨਵੇਂ ਵਰਕਰਾਂ ਦਾ ਪਾਰਟੀ ਵਿੱਚ ਸ਼ਾਮਿਲ ਹੋਣ ਕਰਕੇ ਹੀ ਹੋਇਆ ਹੈ ਅਤੇ ਇਸ ਗੱਲ ਉੱਤੇ ਖੁਸ਼ੀ ਜਾਹਰ ਕੀਤੀ ਕੀ ਕਿ ਹੁਣ ਪਿੰਡਾਂ ਵਿੱਚ ਵੀ ਭਾਰਤੀ ਜਨਤਾ ਪਾਰਟੀ ਨਾਲ ਲੋਕ ਜੁੜ ਰਹੇ ਹਨ। ਮੰਡਲ ਹਠੂਰ ਤੋਂ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ ਨੇ ਮੀਟਿੰਗ ਵਿੱਚ ਇਕੱਤਰ ਹੋਏ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ, ਇਸ ਮੀਟਿੰਗ ਵਿੱਚ ਰੋਹਿਤ ਅਗਰਵਾਲ, ਕੰਵਰ ਨਰਿੰਦਰ ਸਿੰਘ, ਡਾ ਰਾਜਿੰਦਰ ਸ਼ਰਮਾ, ਲਖਵਿੰਦਰ ਸਿੰਘ ਸਪਰਾ, ਜਗਤਾਰ ਕੌੜਾ, ਗੁਰਸਿਮਰਨ ਸਿੰਘ ਰਸੂਲਪੁਰ, ਗੁਰਜੰਟ ਸਿੰਘ ਹਠੂਰ, ਬਾਲ ਕਿਸ਼ਨ ਗਰਗ, ਸੁਮੀਤ ਅਰੋੜਾ, ਤਨਵੀਰ ਸਿੰਘ ਔਲਖ, ਰਾਜ ਵਰਮਾ , ਸਤੀਸ਼ ਪੱਪੂ ਜੀ, ਸੁਖਵੰਤ ਸਿੰਘ ਟਿੱਲੂ, ਗੁਰਪ੍ਰੀਤ ਸਿੰਘ, ਕਾਉਂਕੇ, ਕੁਲਦੀਪ ਸਿੰਘ ਸਿੱਧੂ, ਗੁਲਜਾਰ ਸਿੰਘ ਲੀਲਾਂ, ਕੁਲਦੀਪ ਸਿੰਘ ਲੀਲਾਂ, ਹਰਬੰਸ ਸਿੰਘ ਲੀਲਾਂ, ਮਨਜੀਤ ਸਿੰਘ ਬੰਗਸੀਪੁਰਾ, ਗੁਰਭੇਜ ਸਿੰਘ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਟੋਨੀ ਵਰਮਾ, ਅਮਨਪਰੀਤ ਸਿੰਘ ਲਾਡੀ, ਵਿਜੇ ਸ਼ਰਮਾ, ਮਨੋਜ ਗੋਇਲ, ਸਤੀਸ਼ ਕਾਲੜਾ, ਵਿਵੇਕ ਭਾਰਦਵਾਜ, ਸੂਬੇਦਾਰ ਭਜਨ ਸਿੰਘ ਕਾਉਂਕੇ, ਦਰਸ਼ਨ ਸਿੰਘ ਮੱਧੇਪੁਰ, ਪਰਮਜੀਤ ਕੌਰ ਮੱਧੇਪੁਰ, ਜਗਜੀਵਨ ਸਿੰਘ, ਗੁਰਜੀਤ ਕੌਰ, ਕਾਂਤਾ ਦੇਵੀ ਅਤੇ ਸ਼ੈਂਟੀ ਚੋਪੜਾ, ਆਸ਼ੀਸ਼ ਗੁਪਤਾ, ਮਿੱਠੂ ਜੀ, ਡਾ ਨਿਰਮਲ ਭੁੱਲਰ, ਰਣਜੋਧ ਸਿੰਘ ਹਠੂਰ, ਤਰੁਣ ਜੈਨ, ਨਵੀਨ ਜੈਨ, ਸੁਰੇਸ਼ ਗਰਗ ਅਤੇ ਹੋਰ ਸਤਿਕਾਰ ਯੋਗ ਕਾਰਯਕਰਤਾ ਸ਼ਾਮਿਲ ਰਹੇ।



## ਜ਼ਿਲ੍ਹਾ ਪ੍ਰੀਸ਼ਦ ਪੰਚਾਇਤ ਸੰਮਤੀ ਪੈਨਸ਼ਨਰ ਐਸੋਸੀਏਸ਼ਨ ਦੀ ਹੋਈ ਮੀਟਿੰਗ, 25 ਸਤੰਬਰ ਨੂੰ ਡੀ.ਸੀ ਦਫਤਰ ਮੂਹਰੇ ਕੀਤੀ ਜਾ ਰਹੀ ਰੈਲੀ ਵਿਚ ਸ਼ਾਮਲ ਹੋਣ ਦਾ ਕੀਤਾ ਫੈਸਲਾ



ਫ਼ਿਰੋਜ਼ਪੁਰ, 22 ਸਤੰਬਰ (ਮਨੋਹਰ ਲਾਲ) :— ਜਿਲਾ ਪ੍ਰੀਸ਼ਦ ਪੰਚਾਇਤ ਸੰਮਤੀਜ ਜ਼ਿਲ੍ਹਾ ਫਿਰੋਜਪੁਰ ਦੀ ਮੀਟਿੰਗ ਜਿਲਾ ਪ੍ਰਧਾਨ ਬਲਬੀਰ ਸਿੰਘ ਘੱਦੂਵਾਲਾ ਦੀ ਪ੍ਰਧਾਨਗੀ ਹੇਠ ਨੋਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜ਼ਪੁਰ ਵਿਖੇ ਹੋਈ। ਮੀਟਿੰਗ ਦੌਰਾਨ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ ਮੁਸ਼ਿਕਲਾਂ ਉਪਰ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਦਾ ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨ ਨੂੰ ਰੀਵਾਇਜ ਕਰਨ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਵਿੱਚ ਅਵਤਾਰ ਸਿੰਘ, ਮੇਜਰ ਸਿੰਘ ਜੀ ਦਾ ਨਿੱਜੀ ਪੱਤਰ ਤੇ ਛੇਵਾਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਸਖਤ ਮਿਹਨਤ ਕਰਨ ਤੇ ਦਿਲੋਂ ਧੰਨਵਾਦ ਕੀਤਾ। ਸਮੂਹ ਪੈਨਸ਼ਨਰਾਂ ਨੇ ਇਹ ਵੀ ਫੈਸਲਾ ਕੀਤਾ ਕਿ ਯੂਨੀਅਨ ਦੇ ਵੱਟਸਐਪ ਗਰੁੱਪ ਵਿੱਚ ਸਿਰਫ ਜਥੇਬੰਦੀ ਨਾਲ ਸਬੰਧਤ ਪੋਸਟਾਂ ਹੀ ਪਾਈਆਂ ਜਾਣ। ਇਸ ਮੀਟਿੰਗ ਵਿੱਚ ਖਾਸ ਤੌਰ ਤੇ ਪਹੁੰਚੇ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਦੇ ਜਿਲਾ ਪ੍ਰਧਾਨ ਕਿਸ਼ਨ ਸਿੰਘ ਜਾਗੋਵਾਲੀਆ ਨੇ ਮੀਟਿੰਗ ਵਿੱਚ ਹਾਜਰੀਨ ਨੂੰ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਜਾਣਕਾਰੀ ਦਿੱਤੀ, ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਾਉਣ ਲਈ ਪੰਜਾਬ ਪੈਨਸ਼ਨਰ ਜੋਆਇੰਟ ਫਰੰਟ ਦੇ ਸੱਦੇ ਤੇ 25 ਸਤੰਬਰ ਨੂੰ ਡੀ.ਸੀ ਦਫਤਰ ਸਾਹਮਣੇ ਰੈਲੀ ਕੀਤੀ ਜਾ ਰਹੀ ਹੈ, ਰੈਲੀ ਉਪਰੰਤ ਮੁੱਖ ਮੰਤਰੀ ਪੰਜਾਬ ਦੇ ਨਾਅ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਪੈਨਸ਼ਨਰਾ ਨੂੰ ਰੈਲੀ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਇਸ ਸਮੇਂ ਮੀਟਿੰਗ ਵਿੱਚ ਤਰਲੋਕ ਸਿੰਘ, ਪ੍ਰਲਾਦ ਭਗਤ, ਰਮੇਸ ਭੱਟੀ, ਬਗੀਚਾ ਸਿੰਘ, ਸੁਰਿੰਦਰ ਸ਼ਰਮਾ ਖਜਾਨਚੀ, ਗੁਰਮੀਤ ਸਿੰਘ ਮਮਦੋਟ, ਬਲਬੀਰ ਸਿੰਘ, ਚੰਦਰਵਤੀ, ਰਮੇਸ਼ ਕੁਮਾਰ, ਰਾਮਾਨੰਦ ਆਦਿ ਹਾਜਰ ਸਨ।

## ਬਾਬਾ ਕਰਮ ਸਿੰਘ ਢੇਰੂ ਦੇ ਗੁਰਦੁਆਰਾ ਸਾਹਿਬ ਵਿਖੇ ਡਾਕਟਰਾਂ ਦੀ ਟੀਮ ਨੇ ਸੰਗਤ ਦੇ ਦੰਦਾਂ ਦਾ ਕੀਤਾ ਚੈਕਅਪ




**ਫ਼ਿਰੋਜ਼ਪੁਰ, 22 ਸਤੰਬਰ (ਮਨੋਹਰ ਲਾਲ) :—** ਫ਼ਿਰੋਜ਼ਪੁਰ ਦੇ ਪਿੰਡ ਬਾਬਾ ਕਰਮ ਸਿੰਘ ਢੇਰੂ ਦੇ ਗੁਰਦੁਆਰਾ ਸਾਹਿਬ ਵਿਖੇ ਜੈਨਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਦੀ ਟੀਮ ਵੱਲੋਂ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਾ: ਸੁਕੀਰਤ ਕੌਰ, ਡਾ: ਸੰਦੀਪ ਕੌਰ ਅਤੇ ਡਾ: ਸੁਮੇਰ ਕੰਬੋਜ ਵੱਲੋਂ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾ: ਰਮਨ, ਡਾ: ਸੰਦੀਪ ਕੌਰ ਅਤੇ ਡਾ: ਸਿਰਜਨਦੀਪ ਸਿੰਘ ਨੇ ਮਰੀਜ਼ਾਂ ਦਾ ਚੈਕਅੱਪ ਕਰਦਿਆਂ ਕਿਹਾ ਕਿ ਪਾਚਨ ਅਤੇ ਸੁਆਦ ਨੂੰ ਸੁਧਾਰਨ ਲਈ ਦੰਦਾਂ ਦੀ ਸਫ਼ਾਈ ਕਰਨੀ ਜ਼ਰੂਰੀ ਹੈ ਅਤੇ ਦੰਦਾਂ ਨੂੰ ਤੰਦਰੁਸਤ ਰੱਖਣ ਲਈ ਹਰ ਕਿਸੇ ਨੂੰ ਬੁਰਸ਼ ਕਰਨਾ ਜ਼ਰੂਰੀ ਹੈ ਅਤੇ ਰਾਤ ਨੂੰ ਵੀ ਬੁਰਸ਼ ਕਰਨਾ ਮਹੱਤਵਪੂਰਨ ਹੈ। ਉਨ੍ਹਾਂ ਦੰਦਾਂ ਦੀ ਸੁਰੱਖਿਆ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰੀਰ ਦੀ ਸਿਹਤ ਲਈ ਦੰਦ ਸਭ ਤੋਂ ਵੱਧ ਜ਼ਰੂਰੀ ਹਨ, ਕਿਉਂਕਿ ਭੋਜਨ ਨੂੰ ਦੰਦਾਂ ਨਾਲ ਚਬਾ ਕੇ ਪਚਾਇਆ ਜਾਂਦਾ ਹੈ, ਜਿਸ ਨਾਲ ਮਨੁੱਖੀ ਸਰੀਰ ਭੋਜਨ ਨੂੰ ਆਸਾਨੀ ਨਾਲ ਹਜ਼ਮ ਕਰ ਲੈਂਦਾ ਹੈ। ਉਨ੍ਹਾਂ ਕਿਹਾ ਕਿ ਦੰਦਾਂ ਦੀ ਸੁਰੱਖਿਆ ਲਈ ਜਿੱਥੇ ਸਵੇਰੇ ਬੁਰਸ਼ ਕਰਨਾ ਚਾਹੀਦਾ ਹੈ, ਉਥੇ ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਮੂੰਹ ਨੂੰ ਚੰਗੀ ਤਰ੍ਹਾਂ ਸਾਫ਼ ਰੱਖਿਆ ਜਾ ਸਕੇ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਗਈਆਂ।

## ਕਬੱਡੀ ਕੱਪਾਂ ਤੇ ਹਰ ਸਾਲ ਲੱਖਾਂ ਖਰਚਣ ਵਾਸਤੇ ਪਾਥੀ ਜਿੱਡਾ ਦਿਲ ਚਾਹੀਦਾ ਸਾੜਾ ਤਾਂ ਅੰਦਰ ਵਹਿਕੇ ਹੋ ਜਾਂਦੈ

ਮਾਂ ਖੇਡ ਕਬੱਡੀ ਨੂੰ ਆਪਣਾ ਆਪ ਸਮਰਪਿਤ ਕਰਨਾ ਕਿਹਨੂੰ ਕਹਿੰਦੇ ਨੇ । ਇਸ ਸਭ ਕੁਝ ਨੂੰ ਤੁਸੀਂ ਸਮਝਣਾ ਚਾਹੁੰਦੇ ਹੋ ਤਾਂ ਸਾਡੇ ਸਾਹਮਣੇ ਹਰਮੇਸ਼ ਸਿੰਘ ਰੋਡਾ ਆਸਟਰੇਲੀਆ ਮਿਸਾਲ ਪੈਦਾ ਕਰਕੇ ਰੱਖੀ ਹੋਈ ਹੈ ਜੋ ਕਿ ਹਰੇਕ ਸਾਲ ਆਪਣੇ ਜੱਦੀ ਪਿੰਡ ਬਲਬੇੜਾ ਵਿਖੇ ਕਬੱਡੀ ਟੂਰਨਾਮੈਂਟ ਕਰਵਾਉਂਦੇ ਹਨ । ਤੁਸੀਂ ਅੱਖੀ ਸਭ ਕੁਝ ਦੇਖਣਾ ਚਾਹੁੰਦੇ ਹੋ ਤਾਂ ਛੇ ਅਕਤੂਬਰ ਨੂੰ ਪਿੰਡ ਬਲਬੇੜਾ ਟੂਰਨਾਮੈਂਟ ਤੇ ਜਰੂਰ ਪਹੁੰਚੋ । ਸੱਚ ਮੁੱਚ ਪਾਥੀ ਜਿੱਡਾ ਦਿਲ ਚਾਹੀਦਾ ਹੁੰਦਾ ਟੂਰਨਾਮੈਂਟ ਪ੍ਰਬੰਧਕਾਂ ਨੂੰ ਇਹ ਗੱਲ ਕਹਿਣ ਲਈ ਕਿ ਤੁਸੀਂ ਪਿੰਡ ਵਿੱਚੋਂ ਸ਼ਰਧਾ ਅਨੁਸਾਰ ਖਰਚਾ ਇਕੱਠਾ ਕਰੋ ਕਿੰਨਾ ਹੁੰਦਾ ਬਾਕੀ ਘਾਟਾ ਵਾਧਾ ਮੈਂ ਪੂਰਾ ਕਰੂਗਾ । ਗੱਲ ਸਿਰਫ ਪਿੰਡ ਬਲਬੇੜਾ ਟੂਰਨਾਮੈਂਟ ਕਰਾਉਣ ਤੱਕ ਸੀਮਤ ਨਹੀਂ । ਸੰਸਾਰ ਦੇ ਕਿਸੀ ਵੀ ਕੋਨੇ ਚੋਂ ਜੇ ਕੋਈ ਵੀ ਕਬੱਡੀ ਪ੍ਰੇਮੀ ਹਰਮੇਸ਼ ਸਿੰਘ ਰੋਡਾ ਆਸਟਰੇਲੀਆ ਨੂੰ ਕਬੱਡੀ ਟੂਰਨਾਮੈਂਟ ਕਰਾਉਣ ਲਈ ਆਰਥਿਕ ਮਦਦ ਦੀ ਆਸ ਕਰਦਾ ਹੈ । ਤਾਂ ਰੋਡਾ ਬਾਈ ਖੁੱਲ ਕੇ ਦਿਲੋਂ ਆਰਥਿਕ ਮਦਦ ਕਰਦੇ ਹਨ । ਤੇ ਸਾਰਾ ਕੁਝ ਦੇਖ ਕੇ ਕਈ ਮੇਰੇ ਵਰਗੇ ਘਰ ਬੈਠੇ ਹੀ ਸਾੜਾ ਕਰਦੇ ਰਹਿੰਦੇ ਨੇ । ਕਿੰਨਾ ਚੰਗਾ ਹੋਵੇ ਜੇ ਮੈਦਾਨ ਚ ਉਤਰਨ ਤੇ ਮਾਂ ਖੇਡ ਕਬੱਡੀ ਲਈ ਆਪਣੇ ਆਪ ਨੂੰ ਸਮਰਪਿਤ ਕਰਨ । ਹਾਂ ਇਹ ਗੱਲ ਹੋ ਸਕਦੀ ਆ ਜਦੋਂ ਆਪਾਂ ਕੋਈ ਵੱਡਾ ਕਾਰਜ ਕਰਦੇ ਆਂ ਤਾਂ ਛੋਟੀਆਂ ਮੋਟੀਆਂ ਊਣਤਾਈਆਂ ਰਹਿ ਜਾਂਦੀਆਂ ਨੇ । ਕਿੰਨਾ ਚੰਗਾ ਹੋਵੇ ਜੇ ਮੇਰੇ ਵਰਗੇ ਘਰ ਬੈਠੇ ਸਾੜਾ ਕਰਨ ਵਾਲੇ, ਬਾਈ ਨੂੰ ਛੋਟੀ ਮੋਟੀ ਊਣਤਾਈਆਂ ਲਈ ਆਪਣੇ ਸੁਝਾਅ ਭੇਜਣ । ਤਾਂ ਕਿ ਅਗਲੇ ਟੂਰਨਾਮੈਂਟ ਵਿਚ ਉਨਾਂ ਸੁਝਾਵਾਂ ਅਨੁਸਾਰ ਸੁਧਾਰ ਕੀਤੇ ਜਾਣ।



**-ਪਰਗਟ ਸਿੰਘ ਬਲਬੇੜਾ, 9022000070**

### ਦਿ ਡਿਸਟ੍ਰਿਕ ਪ੍ਰੈਸ ਕਲੱਬ ਐਂਡ ਵੈਲਫੇਅਰ ਸੋਸਾਇਟੀ ਦੇ

# ਪਰਿਵਾਰ 'ਚ ਹੋਇਆ ਵਾਧਾ





**ਫਿਰੋਜ਼ਪੁਰ, 22 ਸਤੰਬਰ ( ਸੁਖਮੰਦਰ ਸਿੰਘ ਸ਼ਾਤ )-** ਦਿ ਡਿਸਟ੍ਰਿਕ ਪ੍ਰੈੱਸ ਕਲੱਬ ਫ਼ਿਰੋਜ਼ਪੁਰ ਐਂਡ ਵੈਲਫੇਅਰ ਸੁਸਾਇਟੀ ਦੀ ਮੀਟਿੰਗ ਕਲੱਬ ਦੇ ਦਫਤਰ ਮਾਲ ਰੋਡ ਸਾਹਮਣੇ ਭਗਤ ਸਿੰਘ ਸਟੇਡੀਅਮ ਵਿਖੇ ਹੋਈ। ਜਿਸ ਵਿੱਚ ਕਲੱਬ ਦੇ ਸਮੂਹ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਅਤੇ ਕਲੱਬ ਦੇ ਕੰਮਕਾਜ ਨੂੰ ਅੱਗੇ ਲਿਜਾਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਅੱਜ ਹੋਈ ਮੀਟਿੰਗ ਵਿੱਚ ਦਿ ਡਿਸਟ੍ਰਿਕਟ ਪ੍ਰੈਸ ਕਲੱਬ ਅਤੇ ਵੈਲਫੇਅਰ ਸੁਸਾਇਟੀ ਦੇ ਦੋ ਨਵੇਂ ਪੱਤਰਕਾਰ ਕੈਲਾਸ਼ ਸ਼ਰਮਾ ਅਤੇ ਰਿੰਕੂ ਮਹਿਤਾ ਸ਼ਾਮਲ ਹੋਏ। ਕਲੱਬ ਮੈਂਬਰਾਂ ਨੇ ਦੋਵਾਂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਲੱਡੂ ਖਿਲਾ ਕੇ ਸਵਾਗਤ ਕੀਤਾ। ਇਸ ਮੌਕੇ ਦੋਨਾਂ ਪੱਤਰਕਾਰਾਂ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਅਸੀਂ ਦਿ ਡਿਸਟ੍ਰਿਕਟ ਪ੍ਰੈੱਸ ਕਲੱਬ ਅਤੇ ਵੈਲਫੇਅਰ ਸੋਸਾਇਟੀ ਦੇ ਕੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਵਾਂਗੇ ਅਤੇ ਕਲੱਬ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਾਂਗੇ। ਇਸ ਮੌਕੇ ਡਿਸਟ੍ਰਿਕ ਪ੍ਰੈੱਸ ਕਲੱਬ ਅਤੇ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਸੁਭਾਸ਼ ਆਨੰਦ, ਪ੍ਰਧਾਨ ਅਸ਼ੋਕ ਭਾਰਦਵਾਜ, ਮੀਤ ਪ੍ਰਧਾਨ ਅਰੁਣ ਮਹਿਰਾ, ਜਨਰਲ ਸਕੱਤਰ ਪਰੇਸ਼ ਕੁਮਾਰ ਡਿੰਪੀ, ਸਲਾਹਕਾਰ ਰਾਜ ਕੁਮਾਰ, ਅਤੇ ਕਲੱਬ ਮੈਂਬਰ ਵੀ ਹਾਜ਼ਰ ਸਨ।

### ਪੰਥਕ ਕਥਾ ਵਾਚਕ ਭਾਈ ਮਾਲਕ ਸਿੰਘ (ਕਰਨਾਲ)

# ਹਿੰਦ ਸਰਕਾਰ ਦੀ ਅੱਖਾਂ ਅੰਦਰ ਰੜਕੇ



**ਨਵੀਂ ਦਿੱਲੀ 22 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਪੰਥਕ ਕਥਾ ਵਾਚਕ ਭਾਈ ਮਾਲਕ ਸਿੰਘ (ਕਰਨਾਲ) ਜੋ ਕਿ ਇਸ ਸਮੇਂ ਕੈਨੇਡਾ ਅੰਦਰ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਿਚਰ ਰਹੇ ਹਨ, ਹਿੰਦ ਸਰਕਾਰ ਦੀ ਅੱਖਾਂ ਅੰਦਰ ਰੜਕ ਰਹੇ ਹਨ ।ਜਿਕਰਯੋਗ ਹੈ ਕਿ ਓਹ ਹਿੰਦੁਸਤਾਨ ਦੇ ਵੱਖ ਵੱਖ ਸ਼ਹਿਰਾ ਦਿੱਲੀ, ਜਲੰਧਰ, ਫਗਵਾੜਾ, ਚੰਡੀਗੜ੍ਹ ਦੀ ਪ੍ਰਚਾਰ ਫੇਰੀ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਨਜ਼ਰਬੰਦ ਦਿਬਰੂਗੜ੍ਹ ਜੇਲ੍ਹ ਦੇ ਸੰਪਰਕ ਵਿਚ ਆਏ ਸਨ, ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਿੱਖ, ਸਿੱਖੀ, ਬਾਣੀ, ਬਾਣੇ ਅਤੇ ਵੱਖਰੇ ਸਿੱਖ ਹੋਮਲੈਂਡ ਦੇ ਪ੍ਰਚਾਰ ਪ੍ਰਸਾਰ ਨੂੰ ਵੱਡੇ ਪੱਧਰ ਤੇ ਕਰਨਾ ਸ਼ੁਰੂ ਕਰ ਦਿੱਤਾ ਸੀ । ਦਿੱਲੀ ਦੇ ਸਿੰਘੂ ਬਾਰਡਰ ਤੇ ਲਗੇ ਕਿਸਾਨੀ ਮੋਰਚੇ ਦੌਰਾਨ ਵੀ ਉਨ੍ਹਾਂ ਵਲੋਂ ਵੱਧ ਚੜ੍ਹ ਕੇ ਸੇਵਾ ਦੇ ਨਾਲ ਕਿਸਾਨਾਂ ਦੀਆਂ ਮੰਗਾ ਦੇ ਹਕ. ਵਿਚ ਆਵਾਜ਼ ਬੁਲੰਦ ਕੀਤੀ ਗਈ ਸੀ ।ਉਨ੍ਹਾਂ ਵਲੋਂ ਕੀਤੇ ਜਾਂਦੇ ਪ੍ਰਚਾਰ ਸਦਕਾ ਓਹ ਵੀ ਹਿੰਦ ਸਰਕਾਰ ਦੀਆਂ ਏਜੰਸੀਆਂ ਦੀ ਅੱਖਾਂ ਅੰਦਰ ਆ ਗਏ ਸਨ ਜਿਸ ਕਰਕੇ ਉਨ੍ਹਾਂ ਦਾ ਕੁਝ ਨੁਕਸਾਨ ਹੁੰਦਾ ਓਸ ਤੋਂ ਪਹਿਲਾਂ ਹੀ ਨਿੱਜੀ ਵਸੀਲਿਆਂ ਰਾਹੀਂ ਹਿੰਦੁਸਤਾਨ ਛੱਡ ਕੇ ਕੈਨੇਡਾ ਪਹੁੰਚਣ ਵਿਚ ਕਾਮਯਾਬ ਹੋ ਗਏ ।ਹੁਣ ਜ਼ੇਕਰ ਓਹ ਮੁੜ ਹਿੰਦੁਸਤਾਨ ਵਾਪਿਸ ਪਰਤਦੇ ਹਨ ਤਾਂ ਏਜੰਸੀਆਂ ਵਲੋਂ ਉਨ੍ਹਾਂ ਨੂੰ ਪੁੱਛਗਿਛ ਕਰਣ ਦੇ ਬਹਾਨੇ ਨਾਲ ਹਿਰਾਸਤ ਵਿਚ ਲਿਆ ਜਾ ਸਕਦਾ ਹੈ ਜਦਕਿ ਦੇਸ਼ ਅੰਦਰ ਪਹਿਲਾਂ ਹੀ ਅੰਮ੍ਰਿਤਪਾਲ ਸਿੰਘ ਨਾਲ ਸੰਬੰਧਿਤ ਨੌਜੁਆਨਾ ਨੂੰ ਵਡੀ ਪੱਧਰ ਤੇ ਪੰਜਾਬ ਅਤੇ ਅਸਾਮ ਦੀਆਂ ਜੇਲ੍ਹਾਂ ਅੰਦਰ ਡਕਿਆ ਹੋਇਆ ਹੈ । ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਬੰਦੀ ਸਿੰਘ ਜੋ ਆਪਣੀ ਬਣਦੀ ਸਜ਼ਾ ਤੋਂ ਵੀ ਵੱਧ ਸਮਾਂ ਜੇਲ੍ਹਾਂ ਅੰਦਰ ਨਿਕਾਲ ਚੁੱਕੇ ਹਨ ਅਤੇ ਯੂਕੇ ਤੋਂ ਵਿਆਹ ਕਰਵਾਣ ਆਏ ਜੱਗੀ ਜੋਹਲ ਅਜ ਛੇ ਸਾਲ ਬੀਤਣ ਉਪਰੰਤ ਵੀ ਰਿਹਾ ਹੋਣਾ ਤਾਂ ਦੂਰ ਜਮਾਨਤ ਵੀ ਨਹੀਂ ਲੈ ਸਕੇ ਹਨ।

### ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਵੱਲੋਂ ਨੰਦੇੜ ਨੂੰ ਵੰਦੇ ਭਾਰਤ ਟ੍ਰੇਨ ਰੂਟ ਵਿੱਚ ਸ਼ਾਮਲ ਕਰਨ ਲਈ

# ਰਾਜ ਮੰਤਰੀ ਸ਼੍ਰੀ ਨਿਤਿਆਨੰਦ ਰਾਏ ਨੂੰ ਦਿੱਤਾ ਗਿਆ ਮੰਗ ਪੱਤਰ



**ਨਵੀਂ ਦਿੱਲੀ 22 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੇ ਕਨਵੀਨਰ ਸ. ਬਲ ਮਲਕੀਤ ਸਿੰਘ ਦੀ ਅਗਵਾਈ ਵਿੱਚ ਰਾਜ ਮੰਤਰੀ ਸ਼੍ਰੀ ਨਿਤਿਆਨੰਦ ਰਾਏ ਨਾਲ ਮੁਲਾਕਾਤ ਦੌਰਾਨ ਨੰਦੇੜ ਨੂੰ ਵੰਦੇ ਭਾਰਤ ਟ੍ਰੇਨ ਰੂਟਾਂ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਮੰਗਪਤਰ ਵਿੱਚ ਨੰਦੇੜ ਦੀ ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਮਹੱਤਤਾ ਦਾ ਉਲੇਖ ਕੀਤਾ ਗਿਆ ਹੈ, ਖਾਸ ਕਰਕੇ ਸਿੱਖ ਭਾਈਚਾਰੇ ਲਈ ਇਸਦੀ ਮਹੱਤਤਾ, ਕਿਉਂਕਿ ਇੱਥੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਥਿਤ ਹੈ, ਜੋ ਸਿੱਖ ਧਰਮ ਦੇ ਪੰਜ ਪ੍ਰਮੁੱਖ ਤਖ਼ਤਾਂ ਵਿੱਚੋਂ ਇੱਕ ਹੈ। ਇਹ ਬੇਨਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲਵੇ ਮੰਤਰੀ ਨੂੰ ਵੀ ਇਕ ਅਧਿਕਾਰਕ ਪੱਤਰ ਰਾਹੀਂ ਭੇਜੀ ਗਈ ਹੈ । ਮੁਲਾਕਾਤ ਦੌਰਾਨ, ਸ਼੍ਰੀ ਨਿਤਿਆਨੰਦ ਰਾਏ ਨੇ ਇਸ ਮਹੱਤਵਪੂਰਨ ਮਾਮਲੇ ਨੂੰ ਸੰਬੰਧਤ ਅਧਿਕਾਰੀਆਂ ਕੋਲ ਲੈ ਜਾਣ ਅਤੇ ਨੰਦੇੜ ਨੂੰ ਵੰਦੇ ਭਾਰਤ ਟ੍ਰੇਨ ਨੈੱਟਵਰਕ ਵਿੱਚ ਸ਼ਾਮਲ ਕਰਨ ਲਈ ਲੋੜੀਂਦੇ ਕਦਮ ਚੁੱਕਣ ਦਾ ਵਿਸ਼ਵਾਸ ਦਿਵਾਇਆ। ਵੰਦੇ ਭਾਰਤ ਟਰੇਨ ਦੇ ਰੂਟ ਵਿਚ ਨੰਦੇੜ ਦੇ ਸ਼ਾਮਿਲ ਹੋਣ ਨਾਲ ਸਿਰਫ਼ ਸੰਪਰਕ ਵਿੱਚ ਸੁਧਾਰ ਨਹੀਂ ਹੋਵੇਗਾ, ਸਗੋਂ ਲੱਖਾਂ ਸ਼ਰਧਾਲੂਆਂ ਅਤੇ ਨਿਵਾਸੀਆਂ ਨੂੰ ਵੀ ਲਾਭ ਹੋਵੇਗਾ।

ਐਮਐਸਏ ਦੇ ਕਨਵੀਨਰ ਸ. ਬਲ ਮਲਕੀਤ ਸਿੰਘ ਅਤੇ ਪ੍ਰਧਾਨ ਸਰਦਾਰ ਦਲਜੀਤ ਸਿੰਘ ਬਲ ਨੇ ਕਿਹਾ ਕਿ ਸ਼੍ਰੀ ਨਿਤਿਆਨੰਦ ਰਾਏ ਜੀ ਦੇ ਸਕਾਰਾਤਮਕ ਭਰੋਸੇ ਅਤੇ ਲਗਾਤਾਰ ਸਮਰਥਨ ਲਈ ਧੰਨਵਾਦ ਕਰਦੇ ਹਾਂ । ਕਿਉਕਿ ਇਹ ਪਹਲ ਨੰਦੇੜ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਲਈ ਬਿਹਤਰ ਸੰਪਰਕ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ।

# ਰਿੰਕੂ ਮਹਿਤਾ ਬਣੇ ਸਰਵਸੰਮਤੀ ਨਾਲ ਸ਼੍ਰੀ ਰਾਮ ਅਵਤਾਰ ਸ਼ੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ

**ਫਿਰੋਜ਼ਪੁਰ 22 ਸਤੰਬਰ (ਸੁਖਮੰਦਰ ਸਿੰਘ ਸ਼ਾਂਤ)** ਸ਼੍ਰੀ ਰਾਮ ਅਵਤਾਰ ਸ਼ੋਸ਼ਲ ਵੈਲਫੇਅਰ ਸੋਸਾਇਟੀ ਦੀ ਇੱਕ ਹੰਗਾਮੀ ਮੀਟਿੰਗ ਹੋਈ। ਜਿਸ ਚ ਸੋਸਾਇਟੀ ਦੇ ਸਾਰੇ ਸਾਥੀ ਹਾਜਿਰ ਰਹੇ। ਜਿਸ ਚ ਆਉਣ ਵਾਲੇ ਦੁਸਹਿਰੇ ਦੇ ਤਿਉਹਾਰ ਦੇ ਮੱਦੇਨਜ਼ਰ ਰਾਮਲੀਲਾ ਦੀ ਤਿਆਰੀ ਲਈ ਵਿਚਾਰਾਂ ਕੀਤੀਆਂ ਗਈਆਂ ਤੇ ਸਾਥੀਆਂ ਵਲੋ ਮਤਾ ਪਾ ਕੇ ਸਰਵਸੰਮਤੀ ਨਾਲ ਰਿੰਕੂ ਮਹਿਤਾ ਨੂੰ ਸੋਸਾਇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਪ੍ਰਧਾਨ ਬਣਨ ਤੇ ਰਿੰਕੂ ਮਹਿਤਾ ਨੇ ਵਿਸ਼ਵਾਸ਼ ਦਿਵਾਇਆ ਕਿ ਸਾਥੀਆਂ ਵਲੋ ਦਿੱਤੀ ਜਿੰਮੇਵਾਰੀ ਬੜੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਗਾ ਤੇ ਹਮੇਸ਼ਾ ਸਨਾਤਨ ਧਰਮ ਦਾ ਸੇਵਾਦਾਰ ਬਣ ਕੇ ਕੰਮ ਕਰਦਾ ਰਹੂੰਗਾ। ਇਸ ਮੋਕੇ ਤੇ ਮਦਨ ਲਾਲ ਆਰੋੜਾ, ਡੀ ਕੇ ਬਜਾਜ, ਅਨਿਲ ਸ਼ਰਮਾਂ, ਸ਼ੇਖਰ ਵਧਵਾ, ਅਮਿਤ ਕੁਮਾਰ, ਮੋਟੂ ਮਹਿਤਾ, ਜਤਿੰਦਰ ਕੁਮਾਰ, ਕਮਲਜੀਤ ਨਾਰੰਗ, ਰਿਸ਼ਭ ਮਹਿਤਾ ਤੇ ਅਸ਼ੋਕ ਗਰੋਵਰ ਆਦਿ ਹਾਜਿਰ ਸਨ।



# ਆਵੀਆਨ ਸੇਵਾ ਸੰਸਥਾ ਵੱਲੋਂ ਲੜਕੀਆਂ ਨੂੰ ਸਲਾਈ ਕਡਾਈ ਦਾ ਫਰੀ ਵਿੱਚ ਕੋਰਸ ਕਰਵਾਉਣ ਦੀ ਸ਼ੁਰੂਆਤ ਕੀਤੀ






**ਫਿਰੋਜ਼ਪੁਰ, 22 ਸਤੰਬਰ (ਸੁਖਮੰਦਰ ਸਿੰਘ ਸ਼ਾਤ)-**ਅੱਜ ਅਭਿਆਨ ਸੰਸਥਾ ਵੱਲੋਂ ਫਿਰੋਜ਼ਪੁਰ ਦੇ ਵਿੱਚ ਮੀਟਿੰਗ ਕੀਤੀ ਗਈ ਜਿਸ ਵਿੱਚ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਜਿਸ ਵਿੱਚ ਫਿਰੋਜਪੁਰ ਦੇ ਸਾਬਕਾ ਐਮਐਲਏ ਪਰਮਿੰਦਰ ਸਿੰਘ ਪਿੰਕੀ ਨੇ ਵੀ ਭਾਗ ਲਿਆ ਅਭਿਆਨ ਸੰਸਥਾ ਦੇ ਹੈਡ ਦੇ ਹੈਡ ਮੈਡਮ ਹਰਮੰਦਰ ਕੌਰ ਨੇ ਲੜਕੀਆਂ ਨੂੰ ਫਰੀ ਵਿੱਚ ਸਿਲਾਈ ਤੇ ਕਢਾਈ ਦੀ ਟ੍ਰੇਨਿੰਗ ਦੇਣ ਦੀ ਸ਼ੁਰੂਆਤ ਕੀਤੀ ਮੈਡਮ ਹਰਿਮੰਦਰ ਕੌਰ ਨੇ ਕਿਹਾ ਕਿ ਇਹ ਮੇਰੇ ਮਾਂ ਬਾਪ ਦਾ ਸੁਪਨਾ ਸੀ ਕਿ ਮੈਂ ਕਿਸੇ ਗਰੀਬ ਦੀ ਮਦਦ ਕਰ ਸਕਾਂ ਇਸ ਕਾਰਜ ਵਾਸਤੇ ਮੈਡਮ ਹਰਮਿੰਦਰ ਕੌਰ ਨੇ ਲੋਕਾਂ ਨੂੰ ਵੱਧ ਤੋਂ ਵੱਧ ਉਹਨਾਂ ਦਾ ਸਹਿਯੋਗ ਕਰਨ ਦੇ ਲਈ ਕਿਹਾ ਇਹ ਸਮੇਂ ਪਰਮਿੰਦਰ ਸਿੰਘ ਪਿੰਕੀ ਨੇ ਸੰਸਥਾ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਵਾਅਦਾ ਕੀਤਾ ਤੇ ਕਿਹਾ ਜਦੋਂ ਵੀ ਸੰਸਥਾਂ ਨੂੰ ਮੇਰੀ ਲੋੜ ਪਾਈ ਤਾ ਮੈਂ ਹਾਜ਼ਰ ਹਾਂ।

# ਗਾਇਕ ਲਖਵਿੰਦਰ ਉੱਪਲ ਦਾ ਸਿੰਗਲ ਟਰੈਕ ਗੀਤ "ਲੋਕ ਵਿਰਸਾ" ਲੋਕ ਅਰਪਣ




**ਚੌਕ ਮਹਿਤਾ, 22 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-**ਲੇਖਕ ਅਦਾਕਾਰ ਕਲਾ ਮੰਚ ਖਡੂਰ ਸਾਹਿਬ ਵੱਲੋਂ ਕਰਵਾਏ ਗਏ ਇੱਕ ਸਾਹਿਤਕ ਸਮਾਗਮ ਦੌਰਾਨ ਗਾਇਕ ਲਖਵਿੰਦਰ ਉੱਪਲ ਦਾ ਸਿਗਲ ਟਰੈਕ ਗੀਤ ਲੋਕ ਵਿਰਸਾ ਲੋਕ ਅਰਪਣ ਕੀਤਾ ਗਿਆ । ਪਿੰਡ ਗਿੱਲ ਕਲੇਰ ਵਿਖੇ ਹੋਏ ਇਸ ਸਾਹਿਤਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ (ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸਰਪੰਚ ਬਲਵਿੰਦਰ ਸਿੰਘ, ਪ੍ਰਸਿੱਧ ਕਮੇਡੀਅਨ ਕਸ਼ਮੀਰ ਚਤਰੋ, ਕੋਚ ਜਸਵੰਤ ਸਿੰਘ ਗਿੱਲ, ਸਾਬਕਾ ਸਰਪੰਚ ਅਵਤਾਰ ਸਿੰਘ, ਸਲੀਮ ਸਲਵੰਤ ਸਿੰਘ ਪੁਰੇਵਾਲ ਆਦਿ ਹਾਜ਼ਰ ਸਨ । ਇਸ ਮੌਕੇ ਗਾਇਕ ਮੱਖਣ ਭੈਣੀਵਾਲਾ ਤੇ ਗਾਇਕ ਲਖਵਿੰਦਰ ਸਿੰਘ ਉੱਪਲ ਨੇ ਆਪਣੇ ਗੀਤਾਂ ਰਾਹੀਂ ਚੰਗਾ ਰੰਗ ਬੰਨ੍ਹਿਆ । ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਕਵੀ ਅਜੈਬ ਸਿੰਘ ਬੋਦੇਵਾਲ, ਸੁਬੇਗ ਸਿੰਘ ਮੀਆਂ ਵਿੰਡ, ਸ਼ੇਲਿੰਦਰਜੀਤ ਸਿੰਘ ਰਾਜਨ, ਮਾ: ਮਨਜੀਤ ਸਿੰਘ ਵੱਸੀ, ਸਤਨਾਮ ਸਿੰਘ ਸਰਾਂ ਤਲਵੰਡੀ, ਅੰਗਰੇਜ਼ ਸਿੰਘ ਖਡੂਰ ਸਾਹਿਬ, ਅਰਜਨ ਸਿੰਘ ਸਰਾਂ ਤਲਵੰਡੀ, ਆਦਿ ਨੇ ਕਾਵਿ ਰਚਨਾਵਾਂ ਰਾਹੀਂ ਖੂਬ ਰੰਗ ਬੰਨ੍ਹਿਆ । ਇਸ ਮੌਕੇ ਡਾ ਰਮਨ ਕੁਮਾਰ, ਲਖਬੀਰ ਸਿੰਘ ਫੌਜੀ ਸਰਾਂ ਤਲਵੰਡੀ, ਸ਼ਮਸ਼ੇਰ ਸਿੰਘ ਸਰਾਂ ਤਲਵੰਡੀ, ਕਮਲਜੀਤ ਸਿੰਘ ਫੌਜੀ ਨਾਗੋਕੇ, ਸੁਨੀਤਾ ਰਾਣੀ, ਸਰਬਜੀਤ ਕੌਰ, ਹਰਲੀਨ ਕੌਰ, ਰੌਣਕਪ੍ਰੀਤ ਕੌਰ, ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ ਮੱਖਣ ਸਿੰਘ ਉੱਪਲ, ਸੁਖਵਿੰਦਰ ਕੌਰ ਉੱਪਲ, ਨਿਰਮਲ ਸਿੰਘ ਉੱਪਲ, ਸੁਖਦੇਵ ਸਿੰਘ ਸਰਾਂ ਤਲਵੰਡੀ, ਰਣਜੀਤ ਸਿੰਘ ਸਰਾਂ ਤਲਵੰਡੀ, ਅੰਗਰੇਜ਼ ਸਿੰਘ, ਆਦਿ ਹਾਜ਼ਰ ਸਨ ਮੰਚ ਸੰਚਾਲਨ ਸਕੱਤਰ ਸਿੰਘ ਪੁਰੇਵਾਲ ਨੇ ਬਾਖੂਬੀ ਨਾਲ ਨਿਭਾਇਆ । ਅਖ਼ੀਰ ਵਿੱਚ ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ ਤੇ ਡਾ ਰਮਨ ਕੁਮਾਰ ਵੱਲੋਂ ਪਹੁੰਚੀਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਮੌਕੇ**

# ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ

**ਨੈਸ਼ਨਲ ਗੱਤਕਾ ਮੁਕਾਬਲਿਆਂ ਵਿਚ ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਅਤੇ ਦਮਦਮੀ ਟਕਸਾਲ ਨਾਲ ਸਬੰਧਤ ਸਿੱਖ ਪ੍ਰਚਾਰਕ ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਦੀ ਬੇਟੀ ਬਿਸਮਨਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ**



**ਅੰਮ੍ਰਿਤਸਰ ਸਾਹਿਬ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਮੌਕੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ।

## ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਬੱਚੀ ਨੂੰ ਆਸ਼ੀਰਵਾਦ ਦਿੱਤਾ

ਨੈਸ਼ਨਲ ਗੱਤਕਾ ਮੁਕਾਬਲਿਆਂ ਵਿਚ ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਅਤੇ ਦਮਦਮੀ ਟਕਸਾਲ ਨਾਲ ਸਬੰਧਤ ਸਿੱਖ ਪ੍ਰਚਾਰਕ ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਦੀ ਬੇਟੀ ਬਿਸਮਨਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਬੱਚੀ ਨੂੰ ਆਸ਼ੀਰਵਾਦ ਦਿੱਤਾ।

ਚੀਫ ਖਾਲਸਾ ਦੀਵਾਨ ਦੇ ਮੈਂਬਰ ਡਾ.ਅਵਤਾਰ ਸਿੰਘ ਬੁੱਟਰ,ਪ੍ਰਿੰਸੀਪਲ ਮਨਿੰਦਰਪਾਲ ਕੌਰ,ਡੀ.ਪੀ ਰਾਜਵਿੰਦਰ ਕੌਰ ਵਲੋਂ ਬੇਟੀ ਨੂੰ ਵਧਾਈ ਦਿੱਤੀ।

ਸ਼੍ਰੋਮਣੀ ਕਮੇਟੀ ਵਲੋਂ ਦੂਸਰੇ ਸਥਾਨ ਦੀ ਜਿੱਤ ਦੀ ਟ੍ਰਾਫ਼ੀ ਦੇ ਨਾਲ (21000) ਰੁਪਏ ਦਾ ਚੈੱਕ ਭੇਟ ਕੀਤਾ ਗਿਆ।

ਇਨ੍ਹਾਂ ਮੁਕਾਬਲਿਆਂ ਵਿਚ ਪੰਜਾਬ, ਹਰਿਆਣਾ, ਦਿੱਲੀ, ਮੱਧ ਪ੍ਰਦੇਸ਼ ਤੇ ਜੰਮੂ ਕਸ਼ਮੀਰ ਦੀਆਂ ਗਤਕਾ ਟੀਮਾਂ ਨੇ ਹਿੱਸਾ ਲਿਆ। ਮੁਕਾਬਲਿਆਂ ਦੀ ਆਰੰਭਤਾ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਹੋਈ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਨੌਜੁਆਨੀ ਅੰਦਰ ਸਿੱਖ ਸ਼ਸਤਰ ਕਲਾ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਇਤਿਹਾਸਕ ਦਿਹਾੜਿਆਂ ਮੌਕੇ ਗਤਕਾ ਮੁਕਾਬਲੇ ਕਰਵਾਏ ਜਾਂਦੇ ਹਨ। ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਟੀਮਾਂ ਨੇ ਭਾਗ ਲੈ ਕੇ ਗਤਕੇ ਦੇ ਜੌਹਰ ਵਖਾਏ।


ਏਨਾ ਗਤਕਾ ਮੁਕਾਬਲਿਆਂ ਵਿਚ ਨੌਜੁਆਨਾਂ ਨੇ ਪ੍ਰਦਰਸ਼ਨ ਅਤੇ ਫਾਈਟ ਵਿਚ ਬਾਖੂਬੀ ਪੇਸ਼ਕਾਰੀ ਦਿੱਤੀ। ਗੱਤਕਾ ਮੁਕਾਬਲਿਆਂ ਵਿੱਚ ਸ਼੍ਰੋਮਣੀ ਕਮੇਟੀ ਦੀ ਗੱਤਕਾ ਟੀਮ, ਨਿਰਵੈਰ ਖ਼ਾਲਸਾ ਗੱਤਕਾ ਅਖਾੜਾ ਰਾਜਪੁਰਾ, ਮਿਸ਼ਲ ਸ਼ਹੀਦਾਂ ਬਾਬਾ ਦੀਪ ਸਿੰਘ ਜੀ ਇੰਟਰਨੈਸ਼ਨਲ ਗੱਤਕਾ ਅਖਾੜਾ ਰੋਪੜ, ਮਾਤਾ ਸਾਹਿਬ ਕੌਰ ਗਲਰਜ਼ ਕਾਲਜ ਤਲਵੰਡੀ ਸਾਬੋ ਅਤੇ ਫ਼ਤਿਹ ਸਿੰਘ ਕੇ ਜਥੇ ਸਿੰਘ ਗੱਤਕਾ ਅਖਾੜਾ ਲੁਧਿਆਣਾ ਦੀਆਂ ਟੀਮਾਂ ਤੋਂ ਇਲਾਵਾ ਵੱਖ-ਵੱਖ ਸੂਬਿਆਂ ਤੋਂ ਪਹੁੰਚੇ ਬੱਚਿਆਂ ਨੇ ਭਾਗ ਲਿਆ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਬਾਬਾ ਹਾਕਮ ਸਿੰਘ ਸਰਹਾਲੀ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਮੀਤ ਸਿੰਘ ਬੂਹ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਧਰਮ ਪ੍ਰਚਾਰ ਕਮੇਟੀ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਤਜਿੰਦਰ ਸਿੰਘ ਪੱਡਾ, ਸ. ਬਿਜੇ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਇੰਚਾਰਜ ਸ. ਸਤਨਾਮ ਸਿੰਘ ਰਿਆੜ, ਸ. ਗੁਰਮੇਜ ਸਿੰਘ, ਚੀਫ ਸ. ਜਗਦੀਸ਼ ਸਿੰਘ, ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਬੀਬੀ ਅਮਰਜੀਤ ਕੌਰ, ਮੈਨੇਜਰ ਸ. ਨਰਿੰਦਰ ਸਿੰਘ, ਸ. ਗੁਰਾ ਸਿੰਘ, ਗਤਕਾ ਕੋਚ ਸ. ਹਰਸਿਮਰਨ ਸਿੰਘ, ਸ. ਗੁਰਪ੍ਰੀਤ ਸਿੰਘ, ਸ. ਮਨਪ੍ਰੀਤ ਸਿੰਘ, ਸ. ਹਰਜਿੰਦਰ ਸਿੰਘ, ਸ. ਮੰਗਲ ਸਿੰਘ, ਸ. ਤਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਜਪਾਨ ਵਿੱਚ ਪਹਲੀ ਦਸਤਾਰਧਾਰੀ ਬੀਬੀ ਗਗਨਦੀਪ ਕੌਰ ਨੂੰ ਮਿਲੀ ਡਾਕਟਰੇਟ (ਪੀਐਚਡੀ) ਦੀ ਉਪਾਧੀ





ਨਵੀਂ ਦਿੱਲੀ 22 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਸੰਸਾਰ ਅੰਦਰ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਸਦਕਾ ਸਿੱਖੀ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੈ। ਇਸੇ ਕੜੀ ਵਿਚ ਬੀਬੀ ਗਗਨਦੀਪ ਕੌਰ ਜੋ ਕਿ ਸਾਲ 2021 ਵਿਚ ਜਪਾਨ ਯੂਨੀਵਰਸਿਟੀ ਵਲੋਂ ਮਿਲੀ ਸਕੌਲਰਸ਼ਿਪ ਰਾਹੀਂ ਡਾਕਟਰੀ ਕਰਣ ਗਏ ਸਨ ਆਪਣੀ ਅਣਥੱਕ ਮਿਹਨਤ ਸਦਕਾ ਡਾਕਟ੍ਰੇਟ ਪੀ ਐਚ ਡੀ ਦੀ ਉਪਾਧੀ ਹਾਸਿਲ ਕਰਣ ਵਿਚ ਸਫਲ ਹੋ ਗਏ ਹਨ। ਇਸ ਬਾਰੇ ਜਾਣਕਾਰੀ ਦੇਂਦਿਆ ਬੀਬੀ ਗੁਰਸ਼ਰਨਜੀਤ ਕੌਰ ਨੇ ਦਸਿਆ ਕਿ ਬੀਬੀ ਗਗਨਦੀਪ ਕੌਰ ਜੋ ਕਿ ਦੁਮਾਲਾ ਸਜਾਂਦੇ ਹਨ, ਵਲੋਂ ਡਾਕਟ੍ਰੇਟ ਦੀ ਉਪਾਧੀ ਹਾਸਿਲ ਕਰਨਾ ਸਿੱਖ ਕੌਮ ਲਈ ਵੱਡੇ ਮਾਣ ਦੀ ਗੱਲ ਹੈ। ਉਨ੍ਹਾਂ ਦਸਿਆ ਕਿ ਬੀਬੀ ਗਗਨਦੀਪ ਕੌਰ ਜਿਨ੍ਹਾਂ ਨੇ ਚੰਡੀਗੜ੍ਹ ਤੋਂ ਆਪਣੀ ਬੁਨਿਆਦੀ ਪੜਾਈ ਦੀ ਸ਼ੁਰੂਆਤ ਕੀਤੀ ਉਪਰੰਤ ਜਪਾਨ ਦੀ ਯੋਕੋਹਾਮਾ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਪੀ ਐਚ ਡੀ ਕਰਣ ਲਈ ਪੂਰੀ ਸਕੌਲਰਸ਼ਿਪ ਦਿੱਤੀ ਗਈ ਸੀ, ਨੇ ਆਪਣਾ ਕੋਰਸ ਪੂਰਾ ਕਰਦਿਆਂ ਪ੍ਰੋਫੈਸਰ ਕਾਜੂਹੋ ਨਾਕਾਹੋਮਾ ਦੇ ਦੇਖ ਰੇਖ ਪੜਦੇ ਹੋਏ ਡਾਕਟ੍ਰੇਟ ਦੀ ਉਪਾਧੀ ਹਾਸਿਲ ਕਰ ਲਈ ਹੈ। ਉਨ੍ਹਾਂ ਦਸਿਆ ਕਿ ਉਨ੍ਹਾਂ ਦੀ ਪੜਾਈ ਦੌਰਾਨ ਉਨ੍ਹਾਂ ਦੇ ਸਿੰਘ ਭਾਈ ਜਸਵਿੰਦਰ ਸਿੰਘ ਵਲੋਂ ਉਨ੍ਹਾਂ ਦਾ ਪੂਰਾ ਸਾਥ ਦਿੱਤਾ ਗਿਆ ਹੈ ਤੇ ਓਹ ਵੀ ਆਪਣੀ ਸਿੰਘਣੀ ਬੀਬੀ ਗਗਨਦੀਪ ਕੌਰ ਦੀ ਸਫਲਤਾ ਤੇ ਮਾਣ ਮਹਿਸੂਸ ਕਰ ਰਹੇ ਹਨ। ਜਿਕਰਯੋਗ ਹੈ ਕਿ ਜਪਾਨ ਵਰਗੇ ਦੇਸ਼ ਅੰਦਰ ਜਿੱਥੇ ਉਂਗਲਾਂ ਤੇ ਗਿਣੀ ਜਾਣ ਵਾਲੀ ਸਿੱਖਾਂ ਦੀ ਵਸੋਂ ਹੈ, ਜਿਸ ਵਿਚ ਬੀਬੀ ਗੁਰਸ਼ਰਨਜੀਤ ਕੌਰ ਓਥੇ ਰਹਿ ਰਹੇ ਪਰਿਵਾਰਾਂ ਅਤੇ ਬੱਚਿਆਂ ਨੂੰ ਗੁਰਮਤ ਨਾਲ ਜੋੜਦੇ ਰਹਿੰਦੇ ਹਨ।

# ਵਡਸਅਐਪ ਉਪਰ ਵਿਦੇਸ਼ੀ ਨੰਬਰਾਂ ਰਾਹੀਂ ਕਾਲਾਂ ਕਰਕੇ ਠੱਗੀ ਮਾਰਨ ਵਾਲੇ ਕਰਦੇ ਲੱਖਾਂ ਰੁਪਏ ਦੀ ਮੰਗ ਭਾਰਤ ਸਰਕਾਰ ਕਰੇ ਜਾਂਚ

**ਜੰਡਿਆਲਾ ਗੁਰੂ, 22 ਸਤੰਬਰ (ਕੁਲਵੰਤ ਸਿੰਘ ਵਿਰਦੀ)**-ਅੱਜ ਕੱਲ ਸੋਸ਼ਲ ਮੀਡੀਆ ਰਾਹੀਂ ਮੋਬਾਈਲ ਫੋਨ ਤੇ ਵਟਸਅਪ ਕਾਲਾਂ ਕਰਕੇ ਠੱਗੀ ਮਾਰਨ ਵਾਲਿਆਂ ਦਾ ਗਿਰੋਹ ਜੰਡਿਆਲਾ ਗੁਰੂ ਵਿੱਚ ਕਾਫੀ ਸਰਗਰਮ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੁਲਵੰਤ ਸਿੰਘ ਵਿਰਦੀ, ਹਰਿੰਦਰਪਾਲ ਸਿੰਘ, ਪਰਮਦੀਪ ਸਿੰਘ, ਪਰਮਜੀਤ ਸਿੰਘ, ਸੋਨੀ ਅਰੋੜਾ, ਵਰਿੰਦਰ ਸਿੰਘ, ਹਰਪ੍ਰੀਤ ਸਿੰਘ ਆਦਿ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਦੇ ਫੋਨ ਤੇ ਪਹਿਲਾਂ ਵ੍ਹਟਸਐਪ ਕਾਲ ਆਉਂਦੀ ਹੈ ਕੁਝ ਨੰਬਰਾਂ ਤੇ ਸਕਰੀਨ ਉੱਪਰ ਪੁਲਿਸ ਲਿਖਿਆ ਹੁੰਦਾ ਹੈ ਕੁਝ ਨੰਬਰ ਉਸ ਤਰ੍ਹਾਂ ਹੀ ਆਉਂਦੇ ਹਨ। ਕੁਲਵੰਤ ਸਿੰਘ ਵਿਰਦੀ ਨੇ ਦੱਸਿਆ ਕਿ ਉਹਨਾਂ ਨੂੰ ਇੱਕ ਕਾਲ ਆਈ ਅਤੇ ਪੁੱਛਿਆ ਕਿ ਤੁਹਾਡੀ ਲੜਕੀ ਕਿੱਥੇ ਹੈ ਕੁਲਵੰਤ ਸਿੰਘ ਵਿਰਦੀ ਨੇ ਦੱਸਿਆ ਕਿ ਮੇਰੀ ਲੜਕੀ ਕਨੇਡਾ ਪੜਨ ਗਈ ਹੋਈ ਹੈ ਅੱਗੋਂ ਕਾਲ ਕਰਨ ਵਾਲੇ ਨੇ ਕਿਹਾ ਕਿ ਕਨੇਡਾ ਤੁਹਾਡੀ ਲੜਕੀ ਫੜੀ ਗਈ ਹੈ ਅਤੇ ਉਸ ਨੂੰ ਛਡਾਉਣ ਲਈ ਤੁਹਾਨੂੰ ਮੀਡੀਆ ਨੂੰ ਇਕ ਲੱਖ 60 ਹਜਾਰ ਰੁਪਏ ਜਮਾ ਕਰਵਾਉਣੇ ਪੈਣਗੇ ਪਰ ਕੁਲਵੰਤ ਸਿੰਘ ਵਿਰਦੀ ਉਹਨਾਂ ਦੀਆਂ ਗੱਲਾਂ ਬਾਤਾਂ ਤੋਂ ਜਾਣੂ ਹੋ ਗਿਆ ਕਿ ਇਹ ਠੱਗੀ ਵਾਲੀ ਕਾਲ ਹੈ ਕਿਉਂਕਿ ਉਹਨਾਂ ਦੀ ਲੜਕੀ ਜੰਡਿਆਲਾ ਗੁਰੂ ਵਿੱਚ ਹੀ ਰਹਿ ਰਹੀ ਹੈ ਅਤੇ ਅੱਜ ਕੱਲ ਜੰਡਿਆਲਾ ਗੁਰੂ ਵਿੱਚ ਠੱਗੀ ਵਾਲੀਆਂ ਕਾਲਾਂ ਕਾਫੀ ਜਿਆਦਾ ਆ ਰਹੀਆਂ ਹਨ। ਪਰਮਦੀਪ ਸਿੰਘ ਹੈਰੀ ਨੇ ਦੱਸਿਆ ਕਿ ਮੇਰੇ ਨਾਲ ਠੱਗਾਂ ਨੇ ਵ੍ਹਟਸਐਪ ਚਾਟ ਕੀਤੀ ਅਤੇ ਚਾਟ ਦੌਰਾਨ ਮੇਰੇ ਰਿਸ਼ਤੇਦਾਰ ਦਾ ਨੰਬਰ ਅੱਗੇ ਆ ਰਿਹਾ ਸੀ ਜਿਸ ਕਰਕੇ ਮੈਂ ਸਮਝਿਆ ਕਿ ਮੇਰਾ ਰਿਸ਼ਤੇਦਾਰ ਹੀ ਮੇਰੇ ਨਾਲ ਗੱਲ ਕਰ ਰਿਹਾ ਹੈ, ਇਸ ਦੌਰਾਨ ਉਹਨਾਂ ਨੇ 50 ਹਜਾਰ ਰੁਪਏ ਦੀ ਮੰਗ ਕੀਤੀ। ਪਰਮਦੀਪ ਸਿੰਘ ਹੈਰੀ ਨੇ ਦੱਸਿਆ ਕਿ ਜਦੋਂ ਉਹਨਾਂ ਨੇ 50 ਹਜਾਰ ਦੀ ਮੰਗ ਕੀਤੀ ਤਾਂ ਮੇਰਾ ਦਿਮਾਗ ਠਨਕ ਗਿਆ ਕਿ ਇਹਨੇ ਅਮੀਰ ਵਿਅਕਤੀ ਨੂੰ 50 ਹਜਾਰ ਦੀ ਕੀ ਲੋੜ ਪੈ ਗਈ। ਹੈਰੀ ਨੇ ਜਦ ਆਪਣੇ ਰਿਸ਼ਤੇਦਾਰ ਨੂੰ ਕਾਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਕੋਈ ਪੈਸੇ ਦੀ ਮੰਗ ਨਹੀਂ ਕੀਤੀ ਨਾ ਹੀ ਤੁਹਾਡੇ ਨਾਲ ਕੋਈ ਵ੍ਹਟਸਐਪ ਚਾਟ ਕੀਤੀ ਹੈ ਜਿਸ ਕਰਕੇ ਉਹ ਠੱਗੀ ਤੋਂ ਬਚਣ ਵਿੱਚ ਕਾਮਯਾਬ ਗਿਆ। ਵਰਿੰਦਰ ਸਿੰਘ ਮਲਹੋਤਰਾ ਨੇ ਦੱਸਿਆ ਕਿ ਉਹਨਾਂ ਨਾਲ ਵੀ ਅਜਿਹੀ ਠੱਗੀ ਵਾਲੀ ਕਾਲ ਆਈ ਸੀ ਜਿਸ ਸਬੰਧੀ ਜੰਡਿਆਲਾ ਪੁਲਿਸ ਨੂੰ ਸ਼ਿਕਾਇਤ ਕਰ ਦਿੱਤੀ ਗਈ ਹੈ ਅਤੇ ਉਹਨਾਂ ਨੇ ਨਾਲ ਹੀ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ +44+48 ਜਾਂ ਹੋਰ ਕੋਈ ਵਿਦੇਸ਼ੀ ਨੰਬਰ ਵਾਲੇ ਫੋਨ ਤੋਂ ਅਗਰ ਕਿਸੇ ਨੂੰ ਠੱਗੀ ਵਾਲੀ ਕਾਲ ਆਉਂਦੀ ਹੈ ਤਾਂ ਉਸ ਦੀਆਂ ਗੱਲਾਂ ਵਿਚ ਨਾ ਆਉਣ ਅਤੇ ਸੁਚੇਤ ਰਹਿਣ।




ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅੱਜ ਗੁਰੂ ਨਾਨਕ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ

# ਮਿੰਨੀ ਪੰਥਕ ਕਾਨਫਰਸ ਦਾ ਆਯੋਜਨ

## ਭਾਈ ਅਮਰੀਕ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਪ੍ਰਬੰਧ ਕਮੇਟੀ ਨੇ ਸੰਗਤਾਂ ਨੇ ਸਨਮਾਨ ਤੇ ਧੰਨਵਾਦ ਕੀਤਾ















**ਸਮੈਦਿਕ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਗੁਰੂ ਨਾਨਕ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਐਤਵਾਰ 22 ਸਤੰਬਰ 2024 ਵਾਲੇ ਦਿਨ ਇੱਕ ਮਿੰਨੀ ਪੰਥਕ ਕਾਨਫਰਸ ਹੋਈ ਤੇ ਜਿਸ ਦੇ ਵਿੱਚ ਬੁਲਾਰੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਜੀ ਦਿਓਲ ਅਤੇ ਪੰਥਕ ਸੇਵਕ ਜਥਾ ਭਾਈ ਮਨਧੀਰ ਸਿੰਘ ਜੀ ਅਤੇ ਬੀਸੀ ਕਨੇਡਾ ਗੁਰਦੁਆਰਾ ਕਮੇਟੀ ਦੇ ਸਪੋਕਸ ਪਰਸਨ ਭਾਈ ਮਨਿੰਦਰ ਸਿੰਘ ਜੀ ਅਤੇ ਸਿੱਖ ਫੈਡਰੇਸ਼ਨ ਯੂਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਜੀ ਗਿੱਲ ਇਹਨਾਂ ਨੇ ਸ਼ਮੂਲੀਅਤ ਕੀਤੀ ਅਤੇ ਜੋ ਮੌਜੂਦਾ ਸਮੇਂ ਦੇ ਵਿੱਚ ਜੋ ਪੰਜਾਬ ਦੇ ਹਾਲਾਤ ਨੇ ਤੇ ਨਾਲ ਦੀ ਨਾਲ ਜੋ ਕਨੇਡਾ ਦੇ ਵਿੱਚ ਜਾਂ ਹੋਰ ਦੇਸ਼ ਵਿਦੇਸ਼ਾਂ ਦੇ ਵਿੱਚ ਜੋ ਸਿੱਖ ਮਸਲਿਆਂ ਦੇ ਉੱਤੇ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਦਿੱਤੇ ਜੋ ਇੰਗਲੈਂਡ ਦੇ ਵਿੱਚ ਵੀ ਜੋ ਪਿਛਲੇ ਸਮੇਂ ਦੇ ਪਿਛਲੇ ਕੁਝ ਕੁ ਸਾਲਾਂ ਤੋਂ ਜੋ ਸਿੱਖ ਗਤੀਵਿਧੀਆਂ ਚੱਲ ਰਹੀਆਂ ਹਨ ਭਾਈ ਆਪਣੇ ਅਵਤਾਰ ਸਿੰਘ ਖੰਡਾ ਉਹਨਾਂ ਦੇ ਸੰਬੰਧ ਵਿੱਚ ਅਤੇ ਹੋਰ ਜੋ ਵੀ ਦੇਸ਼ਾਂ ਦੇ ਵਿੱਚ ਜਿਹੜੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੇ ਵਿੱਚ ਇੱਕ ਏਕਤਾ ਲਿਆਉਣ ਵਾਸਤੇ ਕਿੱਦਾਂ ਆਪਾਂ ਇੱਕ ਦੂਜੇ ਨਾਲ ਇਕੱਠੇ ਰਲ ਕੇ ਚੱਲ ਸਕਦੇ ਆਂ ਔਰ ਇਕੱਠੇ ਰਲ ਕੇ ਚੱਲਣ ਦੀ ਜਿਹੜੀ ਇੱਕ ਬਹੁਤ ਸਮੇਂ ਦੀ ਮੰਗ ਆ ਇਸ ਤੇ ਭਾਈ ਕੁਲਦੀਪ ਸਿੰਘ ਜੀ ਦਿਓਲ ਹੁਣਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਇਸੇ ਤਰ੍ਹਾਂ ਭਾਈ ਮਨਧੀਰ ਸਿੰਘ ਜੀ ਹੁਣਾਂ ਨੇ ਬੜੇ ਡੂੰਘੇ ਡੂੰਘੀ ਫਿਲੋਸਫੀ ਜਿਹੜੀ ਆ ਸਿੱਖ ਪੋਲੀਟਿਕਸ ਬਾਰੇ ਪੰਜਾਬ ਦੀ ਜਿਹੜੀ ਸਥਿਤੀ ਆ ਉਸ ਬਾਰੇ ਅਤੇ ਕਿੱਦਾਂ ਸਿੱਖਾਂ ਨੂੰ ਯਤਨਸ਼ੀਲ ਹੋਣਾ ਚਾਹੀਦਾ ਆ ਉਸ ਬਾਰੇ ਉਹਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਇਸੇ ਤਰ੍ਹਾਂ ਭਾਈ ਮਨਿੰਦਰ ਸਿੰਘ ਜੀ ਉਹਨਾਂ ਨੇ ਸਾਰੀਆਂ ਜੋ ਪਿਛਲੀਆਂ ਗੱਲਾਂ ਕਰਦਿਆਂ ਕਰਦਿਆਂ ਨਾਲ ਹੀ ਜਿਹੜੀ ਕਨੇਡਾ ਦੇ ਵਿੱਚ ਜਿਸ ਤਰ੍ਹਾਂ ਸਿੱਖ ਸਿਆਸਤ ਚੱਲ ਰਹੀ ਆ ਕਿੱਦਾਂ ਸਾਨੂੰ ਆਪਣੇ ਸਿੱਖ ਰਾਜ ਵਾਸਤੇ ਜਾਂ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਆ ਉਹਦੇ ਬਾਰੇ ਵਿਚਾਰ ਪੇਸ਼ ਕੀਤੇ ਗਏ ਅਤੇ ਤਕਰੀਬਨ ਭਾਈ ਅਮਰੀਕ ਸਿੰਘ ਜੀ ਨੇ ਤੇ ਸਮ ਅਪ ਕੀਤਾ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਨੌਜਵਾਨ ਦੇਸ਼ ਵਿਦੇਸ਼ਾਂ ਦੇ ਵਿੱਚੋਂ ਨੌਜਵਾਨ ਆਣ ਕੇ ਤੇ ਇਹ ਵਿਚਾਰ ਕੀਤੇ ਗਏ ਉਪਰੰਤ ਆਪਣੇ ਸਿੰਘਾਂ ਨੂੰ ਭਾਈ ਮਨਧੀਰ ਸਿੰਘ ਨੂੰ ਭਾਈ ਮਨਿੰਦਰ ਸਿੰਘ ਨੂੰ ਅਤੇ ਇਸੇ ਤਰ੍ਹਾਂ ਭਾਈ ਅਮਰੀਕ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਪ੍ਰਬੰਧ ਕਮੇਟੀ ਨੇ ਸੰਗਤਾਂ ਨੇ ਸਨਮਾਨ ਕੀਤਾ ਤੇ ਧੰਨਵਾਦ ਕੀਤਾ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ

# ਗੁਰਿਆਈ ਦਿਵਸ ਮੌਕੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ



**ਨਵੀਂ ਦਿੱਲੀ, 22 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਦਿਵਸ ਨੂੰ ਗੁਰਮੁੱਖੀ ਦਿਵਸ ਵਜੋਂ ਮਨਾਉਂਦਿਆ ਅੱਜ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ। ਜਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਗੁਰਪੁਰਬ ਨੂੰ ਗੁਰਮੁੱਖੀ ਦਿਵਸ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ ਸੀ। ਇਸੇ ਨੂੰ ਸਮਰਪਿਤ ਕਰਵਾਏ ਇਨ੍ਹਾਂ ਮੁਕਾਬਲਿਆਂ ਵਿੱਚ ਗੁਰਬਾਣੀ ਕੀਰਤਨ ਤੋਂ ਇਲਾਵਾ ਗੁਰਮੁੱਖੀ ਦੀ ਸੁੰਦਰ ਲਿਖਾਈ ਤੇ ਭਾਸ਼ਣ ਦੇ ਮੁਕਾਬਲੇ ਹੋਏ, ਜਿਸ ਵਿਚ ਵੱਖ-ਵੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।ਇਨ੍ਹਾਂ ਮੁਕਾਬਲਿਆਂ ਦਾ ਨਤੀਜਾ ਤਿਆਰ ਕਰਨ ਦੀ ਸੇਵਾ ਡਾ. ਪਰਮਜੀਤ ਸਿੰਘ, ਪ੍ਰਚਾਰਕ ਭਾਈ ਗੁਰਰਾਜ ਸਿੰਘ, ਸ. ਹਰਦੀਪ ਸਿੰਘ ਆਰਟਿਸਟ ਤੇ ਬੀਬੀ ਪਰਮਜੀਤ ਕੌਰ ਨੇ ਨਿਭਾਈ।

## ਮਾਤਾ ਸਵਿਤਰੀ ਬਾਈ ਫੂਲੇ ਵੈਲਫੇਅਰ ਸੋਸਾਇਟੀ ਪਠਾਨਕੋਟ ਨੇ

# ਤੀਸਰਾ ਸਥਾਪਨਾ ਦਿਵਸ ਮਨਾਇਆ





**ਪਠਾਨਕੋਟ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮਾਤਾ ਸਵਿਤਰੀ ਬਾਰੇ ਫੂਲੇ ਵੈਲਫੇਅਰ ਸੋਸਾਇਟੀ ਪਠਾਨਕੋਟ ਨੇ ਆਪਣੀ ਸੁਸਾਇਟੀ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਤੇ ਵੱਖ ਵੱਖ ਵਿਸ਼ਿਆਂ ਦੇ ਅਤੇ ਵੱਖ-ਵੱਖ ਜਿਲਾਆਂ ਦੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਅਤੇ ਵੱਖ-ਵੱਖ ਸੁਸਾਇਟੀ ਜੋਂ ਸਮਾਜ ਦੀ ਭਲਾਈ ਲਈ ਕੰਮ ਕਰ ਰਹੀਆਂ ਹਨ। ਉਹਨਾਂ ਦੇ ਪ੍ਰਧਾਨ ਅਤੇ ਚੇਅਰ ਪਰਸਨ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ ਅਤੇ ਆਏ ਹੋਏ ਮਹਿਮਾਨਾਂ ਨੂੰ ਵੀ ਲੰਗਰ ਛਕਾਇਆ ਗਿਆ। ਇਸ ਦੇ ਨਾਲ ਹੀ ਉਹਨਾਂ ਨੇ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ( ਬਜ਼ੁਰਗਾਂ ਦੇ ਵਿਹੜੇ ਵਿੱਚ) ਵੀ ਲੰਗਰ ਲਗਾਇਆ। ਅਤੇ ਇਸ ਦੇ ਨਾਲ ਹੀ ਉਹਨਾਂ ਨੇ ਆਸ਼ਰਮ ਦੀ ਆਰਥਿਕ ਪੱਖੋਂ ਵੀ ਸਹਾਇਤਾ ਕੀਤੀ। ਉਹਨਾਂ ਨੇ ਕਿਹਾ ਕਿ ਅਸੀਂ ਜੋ ਇਹ ਪਿਛਲੇ ਤਿੰਨ ਸਾਲ ਤੋਂ ਬੱਚਿਆਂ ਦੀ ਅਤੇ ਸਮਾਜ ਦੀ ਭਲਾਈ ਦੇ ਲਈ ਵੱਖ-ਵੱਖ ਉਪਰਾਲੇ ਕਰ ਰਹੇ ਹਾਂ ਅਸੀਂ ਆਪ ਸਭ ਨਾਲ ਵਾਅਦਾ ਕਰਦੇ ਹਾਂ। ਕਿ ਹਮੇਸ਼ਾ ਅੱਗੇ ਵੀ ਇਸੇ ਤਰ੍ਹਾਂ ਭਲਾਈ ਦੇ ਕੰਮ ਕਰਦੇ ਰਵਾਂਗੇ।ਇਸ ਮੌਕੇ ਤੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਜੀ ਨੂੰ ਸਮਾਨਿਤ ਕੀਤਾ। ਤੇ ਕਿਹਾ ਕਿ ਤੁਸੀਂ ਜੋ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਸਭ ਤੋਂ ਉੱਤਮ ਸੇਵਾ ਹੈ ਅਸੀਂ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਪਰਮਾਤਮਾ ਤੁਹਾਨੂੰ ਇਹਨਾਂ ਬਜ਼ੁਰਗਾਂ ਦੀ ਸੇਵਾ ਕਰਨ ਦਾ ਬਲ ਬਖਸ਼ੇ। ਇਸ ਮੌਕੇ ਤੇ ਅਤੇ ਮਾਤਾ ਸਵਿਤਰੀ ਬਾਈ ਫੂਲੇ ਸੁਸਾਇਟੀ ਪਠਾਨਕੋਟ ਦੇ ਚੇਅਰ ਪਰਸਨ ਦਰਸ਼ਨ ਲਾਲ ਪਾਠੀ ਜੀ, ਨਸੀਬ ਸਿੰਘ ,ਗੁਲਸ਼ਨ ਕੁਮਾਰ ,ਪ੍ਰਧਾਨ ਮਮਤਾ ਥਾਪਾ, ਕਾਂਤਾ ਦੇਵੀ, ਪੂਜਾ, ਮਾਸਟਰ ਜੀਤ ਰਾਮ , ਨਿਰਮਲਜੀਤ ਕੌਰ, (ਚੇਅਰ ਪਰਸਨ ਪਬਲਿਕ ਵਿਕਾਸ ਕੌਂਸਲਿੰਗ) , ਪ੍ਰਧਾਨ ਨਿੰਦੀ ਮਗਿਆਲ ,ਪਬਲਿਕ ਵਿਕਾਸ ਕੌਂਸਲਿੰਗ ਸੋਸਾਇਟੀ ਮੌਜੂਦ ਸਨ।ਇਸ ਦੇ ਨਾਲ ਹੀ ਆਸ਼ਰਮ ਪ੍ਰਬੰਧਕ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਜੀ ਹੋਣਾਂ ਨੇ ਆਏ ਹੋਏ ਅਧਿਆਪਕ ਤੇ ਟੀਮ ਮੈਂਬਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਮੁਕੇਰੀਆ ਪੁਲਿਸ ਨੇ

# ਲੁੱਟਾਂ-ਖੋਹਾਂ ਕਰਨ ਵਾਲੇ 3 ਆਰੋਪੀ ਕੀਤੇ ਕਾਬੂ



**ਮੁਕੇਰੀਆਂ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਮਾਨਯੋਗ ਸ੍ਰੀ ਸੁਰਿੰਦਰਾ ਲਾਂਬਾ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਸ੍ਰੀ ਸਰਬਜੀਤ ਸਿੰਘ ਐਸ.ਪੀ. ਇੰਨਵੈਸੀਗੇਸ਼ਨ ਹੁਸਿਆਰਪੁਰ ਅਤੇ ਸ੍ਰੀ ਲਲਿਤ ਕੁਮਾਰ ਡੀ.ਐਸ.ਪੀ ਮੁਕੇਰੀਆਂ ਦੀਆ ਹਦਾਇਤਾ ਮੁਤਾਬਿਕ ਐਸ. ਆਈ ਜੋਗਿੰਦਰ ਸਿੰਘ ਮੁੱਖ ਅਫਸਰ ਥਾਣਾ ਮੁਕੇਰੀਆਂ ਦੀ ਅਗਵਾਈ ਹੇਠ ਲੁੱਟਾ ਖੋਹਾ ਅਤੇ ਚੋਰੀ ਕਰਨ ਦੀਆ ਵਾਰਦਾਤਾ ਕਰਨ ਵਾਲਿਆ ਖਿਲਾਫ ਚਲਾਈ ਗਈ ਮੁਹਿਮ ਤਹਿਤ ਮਿਤੀ 21.09.2024 ਨੂੰ ਐਸ.ਆਈ ਜਗਜੀਤ ਸਿੰਘ 256/ਹੁਸ਼ਿ:ਵਲੋਂ ਗੁਰਜਾਪ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਰੇਲਵੇ ਰੋਡ ਮੁਕੇਰੀਆ,ਵਿਨੋਦ ਸ਼ਰਮਾ ਪੁੱਤਰ ਪ੍ਰੇਮ ਪ੍ਰਕਾਸ਼ ਵਾਸੀ ਥਾਣੇ ਵਾਲੀ ਗਲੀ ਮੁਕੇਰੀਆ ਅਤੇ ਮੰਗਤ ਰਾਮ ਪੁੱਤਰ ਪਿਆਰਾ ਲਾਲ ਵਾਸੀ ਮੁਹੱਲਾ ਖੁਰਸ਼ੀਦਪੁਰ ਮੁਕੇਰੀਆ ਨੂੰ ਗ੍ਰਿਫਤਾਰ ਕੀਤਾ ਗਿਆ ਹੈ । ਆਰੋਪੀਆ ਵੱਲੋ ਮਿਤੀ 20.09.2024 ਨੂੰ ਵਕਤ ਕਰੀਬ 8:40 ਵਜੇ ਰਾਤ 639 ਗੋਦਾਮ ਮੁਕੇਰੀਆ ਨਜਦੀਕ ਇੱਕ ਪਰਵਾਸੀ ਵਿਅਕਤੀ ਨੂੰ ਦਾਤਰ ਨਾਲ ਸੱਟਾ ਮਾਰ ਕੇ ਉਸ ਪਾਸੋ ਉਸ ਦਾ ਮੋਬਾਇਲ ਫੋਨ ਅਤੇ 10500/-ਰੁਪਏ ਦੀ ਖੋਹ ਕੀਤੀ ਜਿਨਾ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਹੋਰ ਪੁੱਛ ਗਿੱਛ ਕੀਤੀ ਜਾਵੇਗੀ ਇੰਨਾਂ ਪਾਸੋ ਹੋਰ ਵੀ ਵਾਰਦਾਤਾ ਹੱਲ ਹੋਣ ਦੀ ਸੰਭਾਵਨਾ ਹੈ ।ਐਸ.ਆਈ ਜੋਗਿੰਦਰ ਸਿੰਘ ਥਾਣਾ ਮੁੱਖੀ ਅਫਸਰ ਨੇ ਹੁਸ਼ਿਆਰਪੁਰ ਫੋਕਸ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਆਰੋਪੀ ਗੁਰਜਾਪ ਸਿੰਘ, ਆਰੋਪੀ ਵਿਨੋਦ ਸ਼ਰਮਾ ਤੇ ਆਰੋਪੀ ਮੰਗਤ ਰਾਮ ਖਿਲਾਫ਼ ਪਹਿਲਾ ਵੀ ਮੁੱਕਦਮੇ ਦਰਜ ਹਨ।

# ਕਸ਼ਮੀਰੀ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਉਮਰ ਅਬਦੁਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਨੂੰ ਵੋਟ ਅਤੇ ਸਪੋਰਟ ਦਿੱਤੀ ਜਾਵੇ : ਸਰਨਾ



**ਨਵੀਂ ਦਿੱਲੀ, 22 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਜਿਸ ਤਰ੍ਹਾਂ ਦੇ ਦੇਸ਼ ਦੇ ਹਲਾਤ ਹਨ ਇਸ ਦੌਰ ਵਿੱਚ ਹਰ ਵਿਵੇਕਸ਼ੀਲ ਬੰਦਾ ਇਹ ਮਹਿਸੂਸ ਕਰਦਾ ਹੈ ਕਿ ਅੱਜ ਦੀ ਰਾਜਨੀਤੀ ਵਿੱਚ ਖੇਤਰੀ ਪਾਰਟੀਆਂ ਦਾ ਤਾਕਤਵਰ ਹੋਣਾ ਬਹੁਤ ਜ਼ਰੂਰੀ ਹੈ । ਕਿਉਂਕਿ ਖੇਤਰੀ ਪਾਰਟੀਆਂ ਹੀ ਖੇਤਰੀ ਪਹਿਚਾਣ ਅਤੇ ਸੱਭਿਆਚਾਰ ਲਈ ਲੜ ਸਕਦੀਆਂ ਹਨ ਤੇ ਉਹਨਾਂ ਨੂੰ ਬਚਾਉਣ ਲਈ ਕਾਰਜ ਕਰ ਸਕਦੀਆਂ ਹਨ । ਜਿਸ ਤਰ੍ਹਾਂ ਦਾ ਰੋਲ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦਾ ਰਿਹਾ ਹੈ । ਉਸੇ ਤਰ੍ਹਾਂ ਹੀ ਨੈਸ਼ਨਲ ਕਾਨਫਰੰਸ ਨੇ ਜੰਮੂ ਤੇ ਕਸ਼ਮੀਰ ਅੰਦਰ ਕਸ਼ਮੀਰੀ ਹੱਕਾਂ ਲਈ ਬਣਦੀ ਭੂਮਿਕਾ ਨਿਭਾਈ ਹੈ । ਇਸਦੇ ਆਗੂ ਸ੍ਰੀ ਫਾਰੂਕ ਅਬਦੁੱਲਾ ਧਰਮ ਯੁੱਧ ਮੋਰਚੇ ਵੇਲੇ ਬਤੌਰ ਮੁੱਖ ਮੰਤਰੀ ਅਕਾਲੀ ਆਗੂਆਂ ਨੂੰ ਮਿਲਦੇ ਰਹੇ ਹਨ ਤੇ ਮੋਰਚੇ ਦੀ ਹਿਮਾਇਤ ਵੀ ਕਰਦੇ ਰਹੇ ਹਨ । ਇਸਦੇ ਨਾਲ ਹੀ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਸ੍ਰੀ ਅਬਦੁਲਾ ਦੀ ਹਿਮਾਇਤ ਕਰਨ ਦੀ ਅਪੀਲ ਕਸ਼ਮੀਰੀ ਸਿੱਖਾਂ ਤੇ ਉਥੋਂ ਦੇ ਲੋਕਾਂ ਨੂੰ ਕੀਤੀ ਸੀ ਤੇ ਇਸ ਸਬੰਧ ਵਿੱਚ ਉਹ ਉਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਹਰਚੰਦ ਸਿੰਘ ਲੌਂਗੋਵਾਲ ਨੂੰ ਵੀ ਮਿਲੇ ਸਨ।

ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਕਸ਼ਮੀਰੀ ਸਿੱਖਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਜਿੰਨਾਂ ਹਾਲਤਾਂ ਵਿੱਚੋਂ ਸਮੁੱਚਾ ਦੇਸ਼ ਤੇ ਖਾਸਕਰ ਜੰਮੂ ਤੇ ਕਸ਼ਮੀਰ ਗੁਜਰ ਰਿਹਾ ਹੈ । ਅਜਿਹੇ ਵਿੱਚ ਜ਼ਰੂਰੀ ਹੋ ਜਾਂਦਾ ਹੈ ਕਿ ਨੈਸ਼ਨਲ ਕਾਨਫਰੰਸ ਵਰਗੀ ਖੇਤਰੀ ਧਿਰ ਮਜ਼ਬੂਤੀ ਨਾਲ ਉੱਭਰ ਕੇ ਸੱਤਾ ਵਿੱਚ ਆਵੇ । ਇਹ ਕਸ਼ਮੀਰੀ ਲੋਕਾਂ ਦੇ ਲਈ ਤੇ ਇਸ ਖਿਤੇ ਅੰਦਰ ਸ਼ਾਂਤੀ ਤੇ ਖੁਸ਼ਹਾਲੀ ਲਈ ਬਹੁਤ ਜ਼ਰੂਰੀ ਹੈ । ਇਸ ਲਈ ਜੰਮੂ ਤੇ ਕਸ਼ਮੀਰ ਅੰਦਰ ਵੱਸਦੇ ਸਮੂਹ ਸਿੱਖਾਂ ਨੂੰ ਮੈਂ ਅਪੀਲ ਕਰਦਾ ਹਾਂ ਕਿ ਉਹ ਇਕਜੁਟ ਹੋ ਕੇ ਉਮਰ ਅਬਦੂਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਤੇ ਇਸਦੀਆਂ ਸਹਿਯੋਗੀ ਧਿਰਾਂ ਨੂੰ ਆਪਣੀ ਵੋਟ ਅਤੇ ਸਪੋਰਟ ਦੇਣ ਤਾਂ ਜੋ ਕਸ਼ਮੀਰ ਦੇ ਸਿੱਖਾਂ ਦੇ ਮਸਲੇ ਹੱਲ ਕੀਤੇ ਜਾ ਸਕਣ ਅਤੇ ਨਾਲ ਹੀ ਖੇਤਰੀ ਧਿਰਾਂ ਕੌਮੀ ਰਾਜਨੀਤੀ ਅੰਦਰ ਵੀ ਮਜ਼ਬੂਤ ਹੋ ਕੇ ਉਭਰ ਸਕਣ।

# ਦਫਤਰ ਜ਼ਿਲ੍ਹਾ ਭਾਸ਼ਾ ਅ.ਫਸਰ ਵਲੋਂ ਉਰਦੂ ਆਮੋਜ ਕੋਰਸ ਸਰਟੀਫਿਕੇਟ ਵੰਡ ਸਮਾਗਮ



**ਪਠਾਨਕੋਟ, 22 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਫ਼ਤਰ ਜਿਲਾ ਭਾਸ਼ਾ ਅਫ਼ਸਰ ਪਠਾਨਕੋਟ ਵਲੋਂ ਕਰਵਾਏ ਜਾ ਰਹੇ ਛੇ ਮਹੀਨੇ ਦੇ ਉਰਦੂ ਆਮੋਜ ਕੋਰਸ ਦੇ ਸੈਸ਼ਨ ਜਨਵਰੀ ਤੋਂ ਜੂਨ 2024 ਦੇ ਵਿਦਿਆਰਥੀਆਂ ਨੂੰ ਕੋਰਸ ਸੰਪੰਨ ਕਰਨ ਉਪਰੰਤ ਸਰਟੀਫਿਕੇਟ ਵੰਡ ਸਮਾਗਮ ਕਰਵਾਇਆ ਗਿਆ ਜਿਸ ਵਿਚ ਮਾਣਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਸ਼੍ਰੀ ਅਦਿਤਿਆ ਉਪਲ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪਠਾਨਕੋਟ ਸਰਦਾਰ ਅੰਕੁਰਜੀਤ ਸਿੰਘ ਜੀ ਨੇ ਵੀ ਇਸ ਸਮਾਗਮ ਨੂੰ ਚਾਰ ਚੰਨ ਲਾਏ। ਮੁੱਖ ਮਹਿਮਾਨਾਂ ਨੂੰ (ਜੀ ਆਇਆਂ) ਆਖਦਿਆਂ ਹੋਇਆਂ ਭਾਸ਼ਾ ਵਿਭਾਗ ਪਠਾਨਕੋਟ ਦੇ ਖੋਜ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਵਲੋਂ ਭਾਸ਼ਾ ਵਿਭਾਗ ਪਠਾਨਕੋਟ ਵਲੋਂ ਕਰਵਾਏ ਜਾ ਰਹੇ ਉਰਦੂ ਆਮੋਜ ਕੋਰਸ ਅਤੇ ਭਾਸ਼ਾ ਵਿਭਾਗ ਦੀਆਂ ਬਾਕੀ ਸਾਹਿਤਕ ਅਤੇ ਸਿਰਜਣਾਤਮਕ ਗਤੀਵਿਧੀਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਤੀ। ਮਾਣਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਸ਼੍ਰੀ ਅਦਿੱਤਿਆ ਉੱਪਲ ਜੀ ਵਲੋਂ ਓਰਦੂ ਆਮੋਜ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਹੋਇਆਂ ਕਿਹਾ ਕਿ ਇਹ ਭਾਰਤ ਦੀ ਬਹੁਤ ਖੂਬਸੂਰਤ ਪ੍ਰਾਚੀਨ ਜੁਬਾਨ ਹੈ। ਮੇਰਾ ਇਸ ਜੁਬਾਨ ਨਾਲ ਅੱਛਾ ਖਾਸਾ ਰਿਸ਼ਤਾ ਰਿਹਾ ਹੈ। ਸਾਡੀ ਪੰਜਾਬੀ ਭਾਸ਼ਾ ਦਾ ਹਾਜਮਾ ਦਰੁੱਸਤ ਹੋਣ ਕਰਕੇ ਅਰਬੀ ਫਾਰਸੀ ਦੇ ਬਹੁਤ ਸਾਰੇ ਸ਼ਬਦਾਂ ਦਾ ਖਾਜਨਾਂ ਇਸ ਵਿਚ ਰਲ ਗਿਆ ਹੈ। ਇਸ ਨਾਲ ਪੰਜਾਬੀ ਭਾਸ਼ਾ ਦੇ ਸਬਦ ਭੰਡਾਰ ਵਿੱਚ ਸਿਰਫ ਵਾਧਾ ਹੀ ਨਹੀ ਹੋਇਆ ਸਗੋਂ ਇਸ ਜੁਬਾਨ ਵਿਚ ਰੋਚਕਤਾ ਅਤੇ ਖੂਬਸੂਰਤੀ ਵੀ ਵਧੀ ਹੈ। ਭਾਸ਼ਾ ਵਿਭਾਗ ਵਲੋਂ ਕਰਵਾਇਆ ਜਾ ਰਿਹਾ ਉਰਦੂ ਆਮੋਜ ਦਾ ਕੋਰਸ ਪੰਜਾਬੀ ਭਾਸ਼ਾ ਦੇ ਲੰਬੇ ਚੌੜੇ ਇਤਿਹਾਸ ਨੂੰ ਟਟੋਲਣ ਅਤੇ ਖੰਘਾਲਣ ਵਿਚ ਹੋਰ ਵਾਧਾ ਕਰੇਗਾ। ਇਸ ਕਰਕੇ ਵੱਧ ਤੋਂ ਵੱਧ ਵਿਦਿਆਰਥੀ ਅਤੇ ਪਾਠਕਾਂ ਨੂੰ ਇਸ ਕੋਰਸ ਨਾਲ ਜੁੜਣ ਦੀ ਲੋੜ ਹੈ। ਉਨਾਂ ਉਰਦੂ ਆਮੋਜ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫੀਕੇਟ ਤਕਸੀਮ ਕਰਕੇ ਵਧਾਈ ਦਿੱਤੀ। ਇਸ ਮੋਕੇ ਤੇ ਉਰਦੂ ਸਿਖਿਆਰਥੀ ਸ਼੍ਰੀ ਸੁਰਿੰਦਰ ਕੁਮਾਰ ਐਡਵੋਕੇਟ, ਸ਼੍ਰੀ ਜੁਗਲ ਕਿਸ਼ੋਰ, ਸ਼ਮਸਾਦ ਅਲੀ,ਅਸ਼ਰਫ ਅਲੀ,ਮੁਹੰਮਦ ਆਤਿਫ, ਤੋਂ ਇਲਾਵਾ ਸ਼੍ਰੀ ਜਤਿੰਦਰ ਸ਼ਰਮਾ (ਪੀ ਏ ਟੂ ਡੀ ਸੀ)ਸ਼੍ਰੀ ਗੁਰਦੀਪ ਕੁਮਾਰ (ਜਿਲਾ ਨਾਜਰ) ਦਫਤਰੀ ਸਟਾਫ ਮਾਸਟਰ ਸ਼ਮਸੂਦੀਨ ਚੋਧਰੀ ਅਤੇ ਕਮਲ ਕਿਸ਼ੋਰ ਹਾਜਰ ਸਨ। ਇਸ ਕਰਕੇ ਵੱਧ ਤੋਂ ਵੱਧ ਵਿਦਿਆਰਥੀ ਅਤੇ ਪਾਠਕਾਂ ਨੂੰ ਇਸ ਕੋਰਸ ਨਾਲ ਜੁੜਣ ਦੀ ਲੋੜ ਹੈ। ਉਨਾਂ ਉਰਦੂ ਆਮੋਜ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫੀਕੇਟ ਤਕਸੀਮ ਕਰਕੇ ਵਧਾਈ ਦਿੱਤੀ। ਇਸ ਮੋਕੇ ਤੇ ਉਰਦੂ ਸਿਖਿਆਰਥੀ ਸ਼੍ਰੀ ਸੁਰਿੰਦਰ ਕੁਮਾਰ ਐਡਵੋਕੇਟ, ਸ਼੍ਰੀ ਜੁਗਲ ਕਿਸ਼ੋਰ, ਸ਼ਮਸਾਦ ਅਲੀ,ਅਸ਼ਰਫ ਅਲੀ,ਮੁਹੰਮਦ ਆਤਿਫ, ਤੋਂ ਇਲਾਵਾ ਸ਼੍ਰੀ ਜਤਿੰਦਰ ਸ਼ਰਮਾ (ਪੀ ਏ ਟੂ ਡੀ ਸੀ)ਸ਼੍ਰੀ ਗੁਰਦੀਪ ਕੁਮਾਰ (ਜਿਲਾ ਨਾਜਰ) ਦਫਤਰੀ ਸਟਾਫ ਮਾਸਟਰ ਸ਼ਮਸੂਦੀਨ ਚੋਧਰੀ ਅਤੇ ਕਮਲ ਕਿਸ਼ੋਰ ਹਾਜਰ ਸਨ।